**ੴ ਸਤਿਗੁਰ ਪ੍ਰਸਾਦਿ ॥**
**ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਰਿ ਮੁਠੀ ॥**
**ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥ ੩ ॥** [੨੧੮]

**February, 3-1999**

ਸਤਿਕਾਰ ਜੋਗ ਸਿੰਘ ਸਾਹਿਬ ਜਥੇਦਾਰ ਕੇਵਲ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫਤਿਹ

**੧)** ਆਪ ਜੀ ਹੈਰਾਨ ਹੋਵੋਗੇ ਕਿ ੧੫ ਜਨਵਰੀ ਨੂੰ ਲਿਖੀ ਪਹਿਲੀ ਚਿੱਠੀ ਦੀ ਫ਼ਅਤੇ ਬਾਰੇ ਜਾਣੇ ਬਿਨਾ, ਇਹ ਦੂਜੀ ਪਾਤੀ ਲਿਖਣ ਦੀ ਕਾਹਲ ਦਾ ਕੀ ਅਰਥ ?

**੨)** **ਸਤਰਿ ਕਾ ਮਤਿ ਹੀਨ**--ਗੁਰੂ-ਬਚਨ ਅਨੁਸਾਰ ਇਸ ਮਤਿ ਹੀਨ, ਜਰਜਰੇ ਸਰੀਰ ਵਿਚਲੇ ਅੰਧੇ ਮਨ ਨੂੰ ਜ਼ਰੂਰੀ ਕਾਗ਼ਜ ਭੇਜਣ ਦਾ ਚੇਤਾ ਵਿੱਸਰ ਗਿਆ ਸੀ । **ਸ਼ਾਇਦ ਆਪ ਜੀ ਉਪ੍ਰੋਕਤ ਲਿਖੇ ਗੁਰੂ ਫ਼ੁਰਮਾਨ ਵਾਲੇ ਵਿਰਿਲਆਂ ਵਿਚੋਂ ਹੀ ਹੋਵੋ ।।।** ? ਇਸ ਭਰਮ ਨੂੰ ਵਿਸ਼ਵਾਸ਼ ਵਿਚ ਬਦਲ ਜਾਣ ਦੀ ਸੱਧਰ ਭਰਪੂਰ ਆਸ ਨਾਲ--ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਵਨ ਅਸਥਾਨ ਤੇ ਚੜ੍ਹ ਬੈਠੇ ਹੋਏ-- ਸਿੰਘ ਸਾਹਿਬ ਰਣਜੀਤ ਸਿੰਘ ਜੀ ਦੀ ਸੇਵਾ ਵਿਚ-**ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ**--ਫ਼ਿਲਮ ਦੇ ਸੰਬੰਧ ਵਿਚ, ਭੇਜੀ ਲਿਖਤੀ ਚਿੱਠੀ-ਰੂਪ **ਕੂਕ ਪੁਕਾਰ** ਦਾ ' ਉਤਾਰਾ ਅਤੇ--' **ਨਾਨਕ ਨਾਮ ਜਹਾਜ਼ ਦੀ ਸ਼ੂਟਿੰਗ** ' ਲੇਖ ਦਾ ਉਤਾਰਾ, ਆਪ ਜੀ ਦੀ ਸੇਵਾ ਵਿਚ ਵੀ ਭੇਜਣ ਦਾ ਲਿਖਤੀ ਬਚਨ ਪੂਰਾ ਕਰ ਰਿਹਾ ਹਾਂ । ਦੋਹਾਂ ਫ਼ਿਲਮਾਂ ਦੇ ਬਣ ਜਾਣ ਬਾਰੇ ਦਾਸ ਵਲੋਂ ਦਰਸਾਏ ਸ਼ੰਕੇ ਅਤੇ ਭੈ, ਜੇ ਤੁਸੀਂ ਨਿਰਮੂਲ ਨਹੀਂ ਸਮਝਦੇ, ਤਾਂ ਤੁਸੀਂ ਆਪਣੇ ਅੰਦਰ ਬੈਠੇ **ਹਰਿਰਾਇਆ ਜੀ** (**ਅੰਦਰਿ ਰਾਜਾ ਤਖਤੁ ਹੈ...**) ਦੇ ਦਰਬਾਰ ਵਿਚ ਹਾਜ਼ਰ ਹੋ ਕੇ ਸਫ਼ਾਈ ਪੇਸ਼ ਕਰੋ ਕਿ, ਤੁਸੀਂ ਇਸ ਪਾਸੇ ਧਿਆਨ ਕਿਸ ਮਜਬੂਰੀ ਕਾਰਨ ਨਹੀਂ ਦੇ ਸਕੇ ? ਅਤੇ ਤੁਹਾਨੂੰ ਕਿਸ ਭੈ ਨੇ ਦਬਾਇਆ ਹੋਇਆ ਹੈ ਜੋ ਅੱਜ ਅਸਲੀਯਤ ਦਾ ਪਤਾ ਲੱਗਣ ਤੇ ਵੀ ਚੁੱਪ ਹੋ?

**੩)** ਦਸ਼ਮੇਸ਼ ਜੀ ਦੇ ਅਸਥਾਨ ਤੇ ਬੈਠੇ ਸਿੰਘ ਸਾਹਿਬ ਜੀਓ ! ਦਸ਼ਮੇਸ਼ ਜੀ ਦੇ ਨਾਮ ਦੀ ਦੁਹਾਈ ਹੈ, ਕਿ, ਸਿੰਘ ਸਾਹਿਬ ਅਖਵਾਉਣ ਵਾਲੀ ਉਪਾਧੀ ਦੀ ਲਾਜ ਰੱਖਦੇ ਹੋਏ, ਦਾਸ ਦੇ ਮਨ ਦਾ ਤੌਖਲਾ ਨਿਰਮੂਲ ਸਿੱਧ ਕਰਨ ਵਾਲਾ ਪੱਤਰ ਭੇਜ ਕੇ ਦਾਸ ਦੇ ਮਨ ਦੀ ਬੈਚੈਨੀ ਦੂਰ ਕਰਨ ਦਾ ਉਪਕਾਰ ਕਰੋ, ਅਤੇ ਜਾਂ ਸਤਿਗੁਰਾਂ ਦੇ ਇਸ ਦੂਲੇ ਪੰਥ ਨੂੰ ਝੂਠ ਵਲੋਂ ਮੋੜ ਕੇ ਸੱਚ ਵੱਲ ਨੂੰ ਪਰਤ ਆਉਣ ਲਈ ਦੁਹਾਈ ਪਾਹਰਿਆ ਕਰ ਰਹੇ ਸਾਡੇ ਜਥੇ ਵਿਚ ਸ਼ਾਮਲ ਹੋਣ ਦਾ ਐਲਾਨ ਕਰੋ ।

ਗੁਰਮਤਿ ਦੀ ਠੀਕ ਸੇਧ ਦੇਣ ਵਾਲੇ ਪੱਤਰ ਦਾ ਸਦੀਵੀ ਉਡੀਕਵਾਨ। ਗੁਰਮਤਿ ਅਨੁਸਾਰ ਜੀਵਨ ਜੀਊਂ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--

ਦਾਸਰਾ ਗੁਰਬਖ਼ਸ਼ ਸਿੰਘ

ਨੋਟ:--ਕਿਉਕਿ ਉਸ ਵਿਚ ਆਪ ਜੀ ਦਾ ਵੀ ਜ਼ਿਕਰ ਕਰਨਾ ਪਿਆ ਸੀ, ਇਸ ਲਈ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਦੀ ਸੇਵਾ ਵਿਚ ਭੇਜੀਆਂ ਚਿੱਠੀਆਂ ਦਾ ਉਤਾਰਾ ਵੀ ਨਾਲ ਹੀ ਭੇਜ ਰਿਹਾ ਹਾਂ ਜੀ --

**ੴ ਸਤਿਗੁਰ ਪ੍ਰਸਾਦਿ ॥**
**ਧੰਨਿ ਸੁ ਗਾਉ ਧੰਨਿ ਸੋ ਠਾਉ, ਧੰਨਿ ਪੁਨੀਤ ਕੁਟੰਬ ਸਭ ਲੋਇ ॥**
**ਜਿਨਿ ਪੀਆ ਸਾਰ ਰਸੁ, ਤਜੇ ਆਨ ਰਸ, ਹੋਇ ਰਸ ਮਗਨ ਡਾਰੇ ਬਿਖੁ ਖੋਇ ॥ ੨ ॥**

**[February , 23- 1999]**

ਪਰਮ ਸਤਿਕਾਰ ਜੋਗ ਸਿੰਘ ਸਾਹਿਬ ਜਥੇਦਾਰ ਕੇਵਲ ਸਿੰਘ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫਤਿਹ ॥

1) ਮਿਤੀ ੨੧ ਜਨਵਰੀ ਅਤੇ ਫਿਰ ਮਿਤੀ ੮ ਫ਼ਰਵਰੀ ਨੂੰ ਲਿਖੇ ਬੇਨਤੀ ਪੱਤਰਾਂ ਦਾ ਉੱਤਰ ਆਏ ਤੋਂ ਬਿਨਾਂ ਹੀ, ਉਸੇ ਲੜੀ ਵਿਚ ਇਸ ਤੀਜੇ ਪੱਤਰ ਦੇ ਲਿਖਣ ਦੀ ਮਜਬੂਰੀ, ਉਨ੍ਹਾਂ ਪੁੱਛਾਂ ਤੋਂ ਬਣੀ ਹੈ, ਜੋ, ਅਖ਼ਬਾਰਾਂ ਵਿਚ ਛਪੇ ਆਪ ਜੀ ਦੇ ਬਿਆਨਾਂ [**ਮਿਤੀ ੭ ਜਨਵਰੀ ਵਾਲਾ ਅਤੇ ੩੧ ਜਨਵਰੀ- ਫ਼ੋਟੋ ਕਾਪੀਆਂ ਇਸ ਚਿਠੀ ਦੇ ਪੰਜ ਪੱਤਰਿਆਂ ਦੀ ਪਿਠ ਤੇ ਹਨ**] ਦੇ ਅਧਾਰ ਤੇ, ਉਨ੍ਹਾਂ ਗੁਰਮਖਾਂ ਵਲੋਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੇ ੧੦ ਭਾਗਾਂ ਵਾਲੀ ਪੁਸਤਕ " ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਪੜ੍ਹਨੀ ਅਰੰਭ ਕੀਤੀ ਹੋਈ ਹੈ।

**2)** ਤੁਹਾਡੀ ਚਿੰਤਾ ਦਾ ਪ੍ਰਗਟਾਵਾ ਕਰ ਰਹੇ ੭ ਜਨਵਰੀ ੧੯੯੯ ਦੇ ਅਖ਼ਬਾਰੀ-ਬਿਆਨ ਦੀਆਂ ਅੰਤਲੀਆਂ ਸਤਰਾਂ ਇਸ ਪ੍ਰਕਾਰ ਹਨ:---

' ਉਨ੍ਹਾਂ (ਭਾਵ, ਤੁਸਾਂ) ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ, ਸਿਖ ਕੌਮ ਦੀਆਂ ਧਾਰਮਿਕ ਜਥੇਬੰਦੀਆਂ ਅਤੇ ਕੌਮੀ ਚੇਤਨਾਂ ਦੇ ਵਾਰਿਸ ਗੁਰਸਿੱਖ ਪਤਾ ਨਹੀਂ ਹੁਣ ਹੋਰ ਕਿਸ ਘੜੀ ਦਾ ਇੰਤਜ਼ਾਰ ਕਰ ਰਹੀਆਂ ਹਨ ਤੇ ਕਦੋਂ ਉਹ ਸੁਲੱਖਣੀ ਘੜੀ ਆਵੇਗੀ ਜਦੋਂ ਇਹ ਜਥੇਬੰਦੀਆਂ ਅਤੇ **ਕੌਮ ਦੇ ਦਾਨੇ**

**ਸੱਜਣ** ਸੱਚ ਅਤੇ ਹਕੀਕਤ ਨੂੰ ਜਾਨਣ ਲਈ ਅੱਗੇ ਆਉਣਗੇ ਅਤੇ ਕੌਮ ਦੀ ਵਿਗੜੀ ਸੰਵਾਰਨ ਲਈ ਆਪਣੇ ਨਿੱਜੀ ਸੁੱਖ ਦਾ ਤਿਆਗ ਕਰਨਗੇ ।"

**ਟਿਪਣੀ:--** ਸ਼ੁਕਰ ਹੈ ਵਾਹਿਗੁਰੂ ਜੀ ਦਾ, ਕਿ, ਆਪ ਜੀ ਨੇ ਘੱਟੋ ਘੱਟ ਸਵੀਕਾਰ ਤਾਂ ਕੀਤਾ ਕਿ, **ਸਿੱਖ ਕੌਮ ਦੀ ਹਾਲਤ ਵਿਗੜ ਚੁੱਕੀ ਹੈ** । ਪਰ ਤੁਹਾਡੇ ਇਸ ਭਾਸ਼ਨ ਤੋਂ ਇਹ ਸੋਝੀ ਨਹੀਂ ਮਿਲ ਰਹੀ ਕਿ, ਸੱਚ ਜਾਨਣ ਲਈ ਅੱਗੇ ਆਏ ਸੁਹਿਰਦ ਗੁਰਸਿੱਖ ਨੂੰ ਸੱਚ ਦਾ ਪਤਾ ਕਿਥੋਂ ਲੱਗੇ? ਦਾਸ, ੧੯੮੪ ਤੋਂ ਸੱਚ ਜਾਨਣ ਲਈ ਤਰਲੇ ਲੈ ਰਿਹਾ ਹੈ, **(**ਹੁਣ ਤੁਸੀਂ ਤਾਂ ਭਾਵੇ ਝੋਲੀ ਖ਼ੈਰ ਪਾ ਹੀ ਦਿਉ ਪਰ**)** ਕਿਸੇ ਵੀ ਸ਼੍ਰੋਮਣੀ ਜਥੇਦਾਰ ਨੇ ਦਾਸ ਦੀ ਕੂਕ-ਪੁਕਾਰ ਨਹੀਂ ਸੁਣੀ। ਮਿਤੀ ੨੧ ਜਨਵਰੀ ਨੂੰ ਲਿਖੇ ਬੇਨਤੀ ਪੱਤਰ ਦੁਆਰਾ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਕਰਕੰਵਲਾਂ ਦੁਆਰਾ ਸਿਰਜੇ, ਚਮਤਕਾਰੀ ਬਰਕਤਾਂ ਦੇ ਪ੍ਰਤੀਕ ਸ੍ਰੀ ਅਕਾਲਤਖ਼ਤ ਸਾਹਿਬ ਜੀ ਦੇ ਪਿੱਛੋਂ ਬਣੇ ਬਾਕੀ ਚਾਰ ਪਾਵਨ ਤਖ਼ਤਾਂ ਦੀ ਸਿਰਜਣ ਦੇ ਇਤਿਹਾਸ ਬਾਰੇ ਅਤੇ ਉਨ੍ਹਾਂ ਤੋਂ ਪੰਥ ਨੂੰ ਪ੍ਰਾਪਤ ਹੋ ਰਹੀਆਂ ਉਚੇਚੀਆਂ ਬਰਕਤਾਂ ਬਾਰੇ, ਆਪ ਜੀ ਤੋਂ ਵੀ ਪੁਛਿਆ ਹੈ ? ਗੁਰਮਤਿ-ਸੇਧ ਪੱਤਰ ਦੇ ਪ੍ਰਾਪਤ ਹੋ ਜਾਣ ਦੀ ਭਰਪੂਰ ਆਸ ਨਾਲ ਇਸ ਜੋਦੜੀ ਪੱਤਰ ਦੁਆਰਾ ਵੀ ਕਈ ਹੋਰ ਸ਼ੰਕਿਆਂ ਦੀ ਨਿਵਿਰਤੀ ਲਈ ਹਾਜ਼ਰ ਹੋਇਆ ਹਾਂ। ਪਰ ਸਾਰੀਆਂ ਆਸਾਂ ਉਮੀਦਾਂ ਦੇ ਉਲਟ ਜੇ ਤੁਸਾਂ ਵੀ, ਸੱਚ ਦੀ ਸੋਝੀ ਕਰਾਉਣ ਲਈ, ਚੰਗਾ ਜਾਂ ਮਾੜਾ, ਕੋਈ ਹੁੰਗਾਰਾ ਵੀ ਨਾ ਭਰਿਆ ਤਾਂ, ਆਪ ਜੀ ਦੇ ਉਪ੍ਰੋਕਤ ਬਚਨਾਂ ਬਾਰੇ ਚੰਗੇ ਉਸਾਰੂ ਵਿਚਾਰ ਕਿਸ ਦਲੀਲ ਆਸਰੇ ਬਣ ਸਕਣਗੇ ਜੀ?

**3)** ਤੁਸੀ ਆਪਣੇ ( ੭ ਜਨਵਰੀ ਦੇ) ਬਿਆਨਾਂ ਵਿਚ ਜੋ ਹੁਕਮ ਸਾਦਰ ਫ਼ੁਰਮਾਇਆ ਹੈ ਉਸ ਦਾ (ਚਾਰ ਹਿਸਿਆਂ ਵਿਚ ਵੰਡਿਆ) ਅਸਲ ਰੂਪ ਇਸ ਪਰਕਾਰ ਹੈ-- "**ੳ- ਪੰਜੇ ਤਖ਼ਤ ਸਿੱਖ ਕੌਮ ਦੀਆਂ ਸਰਬ ਉੱਚ ਸੰਸਥਾਵਾਂ ਹਨ । ?**

**ਅ- ਹਰਿ ਗੁਰਸਿੱਖ ਦਾ ਮੁਢਲਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਦਾ ਸਤਿਕਾਰ ਤੇ ਪਵਿੱਤ੍ਰਤਾ ਹਰ ਕੀਮਤ ਤੇ ਬਣਾਈ ਰੱਖੇ ।**

**ੲ- ਇਨ੍ਹਾਂ ਪ੍ਰਤੀ ਕੋਈ ਵੀ ਅਜੇਹੀ ਗੱਲ ਜਾਂ ਕੰਮ ਨਾ ਕਰੇ ਜਿਨ੍ਹਾਂ ਕਾਰਨ ਇਨ੍ਹਾਂ ਦਾ ਮਾਣ ਘਟਦਾ ਹੋਵੇ ।**

**ਸ- ਵਿਅਕਤੀਗਤ ਵਿਚਾਰਾਂ ਦਾ ਅੰਤਰ ਹੋ ਸਕਦਾ ਹੈ ਪਰ ਤਖ਼ਤਾਂ ਸੰਬੰਧੀ ਕਿਸੇ ਕਿਸਮ ਦਾ ਅੰਤਰ ਜਾਂ ਭੁਲੇਖਾ ਨਹੀਂ ਹੋ ਸਕਦਾ ?"**

**(ੳ)** "**ਪੰਜੇ ਤਖ਼ਤ ਸਿੱਖ ਕੌਮ ਦੀਆਂ ਸਰਬ ਉੱਚ ਸੰਸਥਾਵਾਂ ਹਨ ?" (ਪਾਂਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥)**--ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਿਹਰ ਤੋਂ ਦਾਸ ਨੂੰ--ਜੋ ਸੋਝੀ ਪ੍ਰਾਪਤੀ ਹੋਈ ਹੈ, ਉਸ ਦੇ ਪ੍ਰਭਾਵ ਹੇਠ ਦਾਸ ਦੀ ਕਲਮ ਤੋਂ ਅਵੱਸੋਂ ਇਹ ਲਿਖਿਆ ਜਾ ਰਿਹਾ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀ ਖ਼ਾਲਸਾ ਕੌਮ ਵਿਚ **ਕਿਸੇ ਵੀ ਸੰਸਥਾ ਦਾ ਸਰਬ-ਉੱਚ ਬਣ ਬੈਠਣਾ ਕੌਮੀ ਬਦਕਿਸਮਤੀ ਦਾ ਸੰਕੇਤ ਹੈ**। ਕੀ, ਆਪ ਜੀ ਦਾ ਭਾਵ ਇਹ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬ-ਉੱਚਤਾ ਦੇ ਥਾਂ ਪੰਜਾਂ ਤਖ਼ਤਾਂ ਨੇ ਸਰਬ-ਉੱਚ ਪਦਵੀ ਸੰਭਾਲ ਲਈ ਹੋਈ ਹੈ ? ਕੀ, ਜਥੇਦਾਰੀ ਤੋਂ ਬਣੀਆਂ ਸੰਸਥਾਵਾਂ, ਸਤਿਗੁਰਾਂ ਦੀ ਸਰਦਾਰੀ ਹੇਠ ਸਤਿਗੁਰਾਂ ਦੇ ਹੁਕਮ ਦੀ ਪਾਲਣਾ ਕਰਨ ਕਰਵਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਛੱਡ ਕੇ ਆਪ ਹੀ ਸਰਬ-ਉੱਚ ਬਣ ਚੁਕੀਆਂ ਹਨ ਜੀ ? ਕੀ, ਤਾਹਾਡੇ ਲਈ ਇਹ ਵੀ ਸੱਚ ਨਹੀਂ ਰਿਹਾ ਕਿ, ਜੀਵਾਂ ਵਿਚ ਉਸੇ **ਇੱਕ ਸਰਬ ਉੱਚ ਆਦਿ ਸਚੁ** ਦੇ ਦੀਦਾਰਿਆਂ ਦੀ ਠੰਢ ਮਾਨਣੀ ਸਿਖਾਉਣ ਆਏ ਸਤਿਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਬਚਨ, ਸਾਨੂੰ ਅੱਜ ਵੀ ਇਉਂ ਬੋਲਣਾ ਸਿਖਾ ਰਹੇ ਹਨ --**ਹਮ ਨਹੀ ਚੰਗੇ ਬੁਰਾ ਨਹੀ ਕੋਇ ॥** .....?

ਇਸ ਦੋਸ਼ ਨੂੰ ਤੁਸੀਂ ਕਿਸ ਦਲੀਲ ਨਾਲ ਰੱਦ ਕਰਦੇ ਹੋ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਜ਼ਾਤ ਤੇ ਕੋਝਾ ਹਮਲਾ ਕੀਤਾ ਜਾਣ ਦੀ ਖੁੱਲ੍ਹ ਦੇਣ ਵਾਲੀ ਚੰਦਰੀ ਲਿਖਤ ਤੇ ਦਸਤਖ਼ਤ ਕੀਤੇ ਜਾਣ ਦਾ ਕਾਰਣ, ਜਥੇਦਾਰੀ-ਰੂਪ ਮਾਇਆ ਦੇ ਹਉਮੈ-ਨਸ਼ੇ ਦੀ ਮਦਹੋਸ਼ੀ ਸੀ ? ਜੇ ਤੁਹਾਡੇ ਦੋਹਾਂ ਦੇ (ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਜੀ ਅਤੇ ਤੁਹਾਡੇ) ਮਨਾਂ ਵਿਚ ਸਤਿਗੁਰਾਂ ਨਾਲੋਂ ਵੱਧ ਆਪਣੀ ਸਰਬਉੱਚਤਾ ਦਾ ਹੰਕਾਰੀ-ਭਰਮ ਨਾ ਵਸਿਆ ਹੁੰਦਾ, ਅਥਵਾ ਤੁਹਾਡੇ ਲਈ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਖ਼ਸ਼ਾਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੀ ਹੁੰਦੇ ਤਾਂ ਉਸ ਲਿਖਤ ਤੇ ਦਸਤਖ਼ਤ ਕਰਨ ਨਾਲੋਂ ਤੁਸੀ ਪ੍ਰਾਣ ਤਿਆਗ ਦੇਣ ਵਿਚ ਆਪਣੇ ਧੰਨ ਭਾਗ ਮੰਨਦੇ। ਇਸ ਦੋਸ਼ ਨੂੰ ਕਿਵੇਂ ਝੁਠਲਾਉਂਦੇ ਹੋ ਕਿ, ਤੁਹਾਨੂੰ ਪੂਰਾ ਗਿਆਨ ਸੀ ਕਿ (ਤੁਹਾਡੇ ਕਰ ਕੰਵਲਾਂ ਨਾਲ ਹੋਏ ਹਸਤ-ਅੱਖਰਾਂ ਵਾਲੀ) ਉਸੇ ਲਿਖਤ ਦੇ ਅਧਾਰ ਤੇ ਹੀ ਸਤਿਗੁਰਾਂ ਦੇ ਸੇਵਾਦਾਰ ਗੰਥੀਆਂ ਨੂੰ ਤਨਖਾਹੀਏ ਘੋਸ਼ਤ ਕੀਤਾ ਜਾਣ ਦਾ ਨਾਦਰ-ਸ਼ਾਹੀ ਫ਼ੁਰਮਾਨ ਜਾਰੀ ਕੀਤਾ ਜਾਣਾ ਸੀ। **ਕੀ,** ਉਸੇ ਲਿਖਤ ਦੇ ਅਧਾਰ ਤੇ ਹੀ ਜੁਗੋ ਜੁਗ ਅਟੱਲ ਸਤਿਗੁਰੂ ਜੀ ਦੇ **ਸਰਬ-ਉੱਚ ਦਰਬਾਰ** ਤੇ ਹੰਕਾਰੀ ਹੱਲਾ ਬੋਲਦਿਆਂ ਗ੍ਰੰਥੀ ਸਿੰਘਾਂ, ਰਾਗੀਆਂ, ਢਾਡੀਆਂ, ਪਰਚਾਰਕਾਂ ਆਦਿ ਨੂੰ ਤਨਖਾਹੀਏ ਘੋਸ਼ਤ ਕੀਤਾ ਜਾਣ ਦੇ ਦਬਾਕੜੇ ਰੇਡੀਓ ਤੇ ਨਹੀਂ ਸਨ ਮਾਰੇ ਗਏ ਜੀ? ਉੱਚ ਕੋਟੀ ਦੇ ਵਿਦਵਾਨ ਅਤੇ ਗੁਰਸਿੱਖ ਰਹਿਣੀ ਵਾਲੇ ਭਾਈ ਹਰਕੀਰਤ ਸਿੰਘ ਨੂੰ ਕੇਵਲ ਇਸ ਦੋਸ਼ ਕਾਰਨ ਪੰਥ ਵਿਚੋਂ ਖ਼ਾਰਜ ਕਰ ਦਿੱਤਾ ਗਿਆ ਕਿਉਂਕਿ ਉਸ ਨਿਧੜਕ ਗੁਰਮੁਖਿ ਪਿਆਰੇ ਨੇ ਨਿਰਦੋਸ਼ ਗੁਰਸਿੱਖ ਜੋੜੇ ਦਾ ਅਨੰਦ ਕਾਰਜ ਕਰਵਾ ਕੇ, **ਨਾਦਰ ਸ਼ਾਹੀ ਹੁਕਮ ਵਿਰੁਧ ਬਗ਼ਾਵਤ** ਕਰਨੀ ਦਸ਼ਮੇਸ਼ ਜੀ ਦੇ (**ਦਾਦੂ ਜੀ ਦੀ ਕਬਰ ਵੱਲ ਤੀਰ ਝੁਕਾਉਣ ਵਾਲਾ ਸਾਕਾ ਵਰਤਾਉਣ-ਰੂਪ ਜਾਰੀ ਕੀਤੇ**) ਫ਼ੁਰਮਾਨ ਦੀ ਆਗਿਆ ਦੀ ਪਾਲਣਾ ਕਰਨੀ ਹੀ ਖ਼ਾਲਸਈ-ਧਰਮ ਮੰਨ ਲਿਆ ਸੀ? ਸਨਮਾਨ-ਜੋਗ ਸਿੰਘ ਸਾਹਿਬ ਭਾਈ ਕੇਵਲ ਸਿੰਘ ਜੀਓ ! ਹੋ ਚੁੱਕੀ ਇਸ ਬੇਇਨਸਾਫੀ ਨੂੰ ਇਨਸਾਫ਼ ਦਾ ਰੂਪ ਦਿਵਾਉਣਾ ਕੀ, ਤੁਹਾਡਾ ਦੋਹਾਂ ਸਿੰਘ ਸਾਹਿਬਾਨ (ਤੁਹਾਡਾ ਅਤੇ ਸਿੰਘ ਸਾਹਿਬ ਮਨਜੀਤ ਸਿੰਘ ਜੀ) ਦਾ ਇਖ਼ਲਾਕੀ ਅਤੇ ਖ਼ਾਲਸਈ ਧਰਮ ਨਹੀਂ ਬਣਦਾ ਜੀ ?

**(ਅ)** **<u>ਹਰ ਗੁਰਸਿੱਖ</u> ਦਾ ਮੁਢਲਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਦਾ ਸਤਿਕਾਰ ਤੇ ਪਵਿੱਤ੍ਰਤਾ ਹਰ ਕੀਮਤ ਤੇ ਬਣਾਈ ਰੱਖੇ ।** ---ਕਿਸੇ ਸੰਸਥਾ ਦੀ ਅਥਵਾ ਕਿਸੇ ਛੋਟੀ ਤੋਂ ਛੋਟੀ ਅਤੇ ਵਡੀ ਤੋਂ ਵਡੀ ਪਦਵੀ ਦੀ ਪਾਵਨਤਾ, ਪਵਿੱਤ੍ਰਤਾ ਅਤੇ ਲੋਕਾਂ ਦੇ ਮਨਾਂ ਵਿਚ ਉਸ ਪ੍ਰਤੀ ਸ਼ਰਧਾ, ਉਸ ਪਦਵੀ ਤੇ ਬੈਠੇ ਵਿਅਕਤੀ ਦੇ ਨਿੱਜੀ ਆਚਰਨ, ਅਤੇ ਵਤੀਰੇ ਨੇ ਬਨਾਉਣੀ ਹੁੰਦੀ ਹੈ ? ਉਸੇ ਤਖ਼ਤ ਤੇ ਔਰੰਗੇਜ਼ ਬੈਠ ਕੇ ਜ਼ੁਲਮ ਕਮਾਉਂਦਾ ਰਿਹਾ ਅਤੇ ਫਿਰ ਪੰਜਾਬੀਆਂ ਦੀ ਅੱਖ ਦਾ ਤਾਰਾ ਮਹਾਰਾਜਾ ਰਣਜੀਤ ਸਿੰਘ ਵੀ ਉਸੇ ਰਾਜ ਸਿੰਘਾਸਣ ਦੀ ਸੋਭਾ ਵਧਾਉਂਦਾ ਰਿਹਾ ਸੀ। ਜ਼ਾਲਮ ਅੰਗ੍ਰੇਜ਼ ਨੂੰ ਪਾਵਨ ਸਿਰੋਪੇ ਨਾਲ ਨਿਵਾਜਣ ਵਾਲਾ " **<u>ਹਰ ਗੁਰਸਿੱਖ</u>** " ਨਹੀਂ ਸੀ ਸਗੋਂ ਸਿੰਘ ਸਾਹਿਬ ਜੀ (ਜਥੇਦਾਰ ਅਰੂੜ ਸਿੰਘ) ਆਪ ਹੀ ਸਨ ? ਅਤੇ ਹੁਣ ਸਰਬ ਉੱਚ ਜਥੇਦਾਰ ਸਿੰਘ ਸਾਹਿਬ ਰਣਜੀਤ

ਸਿੰਘ ਤੇ ਤੁਸਾਂ ਸਾਰਿਆਂ ਨੇ ਰਲ ਮਿਲ ਕੇ ਪੰਥ ਵਿਚ ਗੰਭੀਰ ਪਾੜਾ ਪਾ ਦਿੱਤਾ ? ਕਈ ਥਾਈਂ ਸਿਰਵਢਵੇ ਵੈਰ ? ਅਤੇ ਫਿਰ ਆਪਣੇ ਕਿਰਦਾਰ ਵੱਲ ਝਾਤੀ ਮਾਰੋ--ਅੱਜ ਤੁਸੀਂ ਆਪ ਹੀ ਸ੍ਰੀ ਅਕਾਲਤਖ਼ਤ ਸਾਹਿਬ ਜੀ ਦੀ (ਤੁਹਾਡੇ ਆਪਣੇ ਸ਼ਬਦਾ ਅਨੁਸਾਰ) ਪਾਵਨ ਪਵਿੱਤ੍ਰ ਜਥੇਦਾਰੀ ਵਿਰੁੱਧ ਅਖ਼ਬਾਰਾਂ ਰਾਹੀਂ ਹੱਲੇ ਕਿਸ ਦਲੀਲ ਨਾਲ ਬੋਲ ਰਹੇ ਹੋ ? ਕੀ, ਅਜੇਹੀਆਂ ਗੱਲਾਂ ਸਰਬ ਉੱਚ ਅਸਥਾਨ ਦੀ ਸ਼ਾਨ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਵਧਾ ਰਹੀਆਂ ਹਨ ਜੀ ? ਕੀ, ਅਜੇਹੀ ਮਿਹਣੇ-ਬਾਜ਼ੀ ਅੰਦਰ ਬੈਠ ਕੇ ਨਹੀਂ ਸੀ ਕੀਤੀ ਜਾ ਸਕਦੀ ਜੀ ? ਕੀ, ਇਹ ਸਾਰਾ ਕੁਝ ਗੰਭੀਰ ਹਉਮੈ ਦਾ ਪ੍ਰਗਟਾਵਾ ਹੈ ਕਿ, ਜਾਂ ਰਾਜ-ਸੱਤਾ ਦੀ ਗੁਲਮੀ ਦੇ ਫ਼ਰਜ਼ ਨਿਭਾਏ ਜਾ ਰਹੇ ਹਨ ਜੀ?

**(ਣ)** **ਇਨ੍ਹਾਂ ਪ੍ਰਤੀ ਕੋਈ ਵੀ ਅਜੇਹੀ ਗੱਲ ਜਾਂ ਕੰਮ ਨਾ ਕਰੇ ਜਿਨ੍ਹਾਂ ਕਾਰਨ ਇਨ੍ਹਾਂ ਦਾ ਮਾਣ ਘਟਦਾ ਹੋਵੇ ।** ਇਹ ਭਾਣਾ ਵਰਤਾਉਣਾ ਜਾਂ ਨਾ ਵਰਤਾਉਣਾ ਸਭ ਤੁਹਾਡੇ ਆਪਣੇ ਹੱਥ ਵਿਚ ਹੀ ਹੈ ? ਦਾਦੂ ਦੀ ਕਬਰ ਤੇ ਵਰਤਾਏ ਦਸ਼ਮੇਸ਼ ਜੀ ਦੇ ਸਾਕੇ ਨੂੰ ਯਾਦ ਵਿਚ ਰੱਖਦਿਆਂ, ਤੁਸੀਂ ਇਸ **ਵਿਸ਼ਵਾਸ਼ ਨੂੰ ਕਿਸ ਦਲੀਲ ਨਾਲ ਰੱਦ ਕਰੋਗੇ** ਕਿ, ਭਾਵੇਂ ਪੰਜਾਂ ਸਿੰਘ ਸਾਹਿਬਾਨ ਨੇ ਸੁਮਿੱਲਤ ਸਹਿਮਤੀ ਨਾਲ ਹੀ ਜਾਰੀ ਕੀਤਾ ਹੋਵੇ, ਪਰ ਗੁਰੂ ਬਾਣੀ ਦੇ ਆਸ਼ੇ ਦੀ ਸਪੱਸ਼ਟ ਖੰਡਨਾਂ ਕਰ ਰਹੇ ਅਜੇਹੇ ਹੁਕਮਨਾਮੇ ਦੇ ਵਿਰੋਧ ਵਿਚ, ਜੇ ਪੰਥ ਦੀ ਕਿਸੇ ਵੀ ਨੁੱਕਰੋਂ ਬਗ਼ਾਵਤ ਸਿਰ ਨਾ ਚੁੱਕੇ, ਤਾਂ ਇਹ ਕਮਜ਼ੋਰੀ **ਪੰਥ ਦੀ ਆਤਮਕ ਮੌਤ ਦਾ ਸਬੂਤ ਹੋਵੇਗੀ** ?

**(ਸ)** **ਵਿਅਕਤੀਗਤ ਵਿਚਾਰਾਂ ਦਾ ਅੰਤਰ ਹੋ ਸਕਦਾ ਹੈ ਪਰ ਤਖ਼ਤਾਂ ਸੰਬੰਧੀ ਕਿਸੇ ਕਿਸਮ ਦਾ ਅੰਤਰ ਜਾਂ ਭੁਲੇਖਾ ਨਹੀਂ ਹੋ ਸਕਦਾ ?** ਮਿੱਤੀ ੨੧ ਜਨਵਰੀ ਨੂੰ ਲਿਖੇ ਜੋਦੜੀ ਪੱਤਰ, (ਜਿਸ ਵਿਚ ਚਾਰ ਪ੍ਰਤਿਸ਼ਟਤ ਤਖ਼ਤਾਂ ਦੇ ਬਣਾਏ ਜਾਣ ਦੇ ਇਤਿਹਾਸ ਅਤੇ ਨਿਯਮਾਵਲੀ ਬਾਰੇ ਪੁਛਿਆ ਹੋਇਆ ਹੈ) ਦਾ ਜੇ ਕੋਈ ਗੁਰਮਤਿ ਦੇ ਅਨਕੂਲ ਉੱਤਰ ਨਾ ਆਇਆ ਤਾਂ ਤੁਹਾਡਾ ਉਪ੍ਰੋਕਤ ਫ਼ੁਰਮਾਨ ਵਿਅਰਥ ਬਣ ਕੇ ਰਹਿ ਜਾਵੇਗਾ। ਕਿਉਂਕਿ ਇਹ ਸਾਰਾ ਚਿੱਠੀ ਪੱਤਰ ਜਿਉਂ ਦਾ ਤਿਉਂ ਛਾਪੇ ਖ਼ਾਨੇ ਰਾਹੀਂ ਪੰਥ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਣਾ ਹੈ। ਬਿਨਾਂ ਕਿਸੇ ਦਲੀਲ ਤੋਂ, ਗੰਭੀਰ ਧਮਕੀ ਲੁਕਾਈ ਬੈਠਾ ਆਪ ਜੀ ਦਾ ਇਹ ਫ਼ੁਰਮਾਨ--**ਪਰ ਤਖ਼ਤਾਂ ਸੰਬੰਧੀ ਕਿਸੇ ਕਿਸਮ ਦਾ ਅੰਤਰ ਜਾਂ ਭੁਲੇਖਾ ਨਹੀਂ ਹੋ ਸਕਦਾ--ਉਸ ਬ੍ਰਾਹਮਣੀ ਹੁਕਮ ਤੁੱਲ ਹੈ ਜਿਸ ਦੁਆਰਾ ਬਿਨਾ ਪਿਛੋਕੜ ਸਪੱਸ਼ਟ ਕਰਨ ਦੇ, ਪੱਥਰ ਦੇ ਠਾਕਰਾਂ ਨਾਲ ਲੜਕੀਆਂ ਵਿਆਹੁਣੀਆਂ ਧਰਮ-ਕਰਮ ਘੋਸ਼ਤ ਕਰ ਦਿੱਤਾ ਸੀ ।**

**(4)** ਉਸੇ ਬਿਆਨ ਦੇ ਅਰੰਭਕ ਪੈਰੇ ਵਿਚ ਆਪ ਜੀ ਦੇ ਬਚਨ:--

> ਸਿੱਖ ਜਗਤ ਦੇ ਪੰਜ ਤਖ਼ਤ, ਜਿਨ੍ਹਾਂ ਨੂੰ ਸਮੁੱਚੇ ਸਿੱਖ ਜਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
> ਵਲੋਂ ਮਾਨਤਾ ਪ੍ਰਾਪਤ ਹੈ, ਦੀ " ਹੋਂਦ ' ਉਪਰੇ ਕਿਸੇ ਵੀ ਵਿਅਕਤੀ ਨੂੰ ਕਿੰਤੂ ਪ੍ਰੰਤੂ ਨਹੀਂ ਹੋਣਾ ਚਾਹੀਦਾ,
> ਬਲਕਿ ਇਨ੍ਹਾਂ ਦੀ ਹੋਂਦ ਬਰਕਰਾਰ ਰੱਖਣ ਲਈ ਹਰ ਨਾਨਕ-ਨਾਮ ਲੇਵਾ ਨੂੰ ਅੱਗੇ ਆਉਣਾ ਚਾਹੀਦਾ ਹੈ '

**(ੳ)** **(ੳ) ਤੁਹਾਡੇ ਆਪਣੇ ਸ਼ਬਦਾਂ ਅਨੁਸਾਰ**-- ਜਿਸ ਪੰਥ ਦੀ ਆਪਣੀ ਹਾਲਤ ਗੰਭੀਰ ਹਦ ਤੱਕ ਵਿਗੜ ਚੁੱਕੀ ਹੈ, ਗਿਰਾਵਟ ਦੇ ਖੂਹ ਵਿਚ ਪਏ ਉਸ ਪੰਥ ਵਲੋਂ ਮਿਲੀ ਕਿਸੇ ਮਾਨਤਾ ਦਾ ਮੁੱਲ ਕੀ ਰਹਿ ਗਿਆ ? ਇਸ ਪਾਸੇ ਵੀ ਚਾਨਣਾ ਪਾਉ ਕਿ, ਕੀ, ਬੇਰੀ ਦੀ ਪੂਜਾ ਅਥਵਾ ਜਲ ਦੀ ਪੂਜਾ ਗੁਰਮਤਿ ਦੇ ਅਨਕੂਲ ਹੈ ਜੀ ? ਇਨ੍ਹਾਂ ਪਾਵਨ ਚਾਰ ਤਖ਼ਤਾਂ ਨੂੰ ਮਾਨਤਾ ਕੀ, ਉਸੇ ਸਨਮਾਨ ਜੋਗ ਕਮੇਟੀ (SGPC) ਨੇ ਹੀ ਦਿੱਤੀ ਹੋਈ ਹੈ ਜਿਸ ਨੇ ਦੁਖਭੰਜਨੀ ਬੇਰੀ ਨੂੰ ਅਤੇ ਸਰੋਵਰ ਦੇ ਜਲ ਵਿਚ ਇਸ਼ਨਾਨ ਨੂੰ, ਪਾਪ ਨਾਸ਼ਕ ਹੋਣ ਦੀ ਗੁਰਮਤਿ ਵਿਰੋਧੀ ਮਾਨਤਾ ਵੀ ਦਿੱਤੀ ਹੋਈ ਹੈ? (ਅ) ਜੇ **ਤੁਸੀਂ ਚਾਰ ਤਖ਼ਤਾਂ ਬਾਰੇ (ਮਿਤੀ ੧੫ ਜਨਵਰੀ ੧੯੯੯ ਨੂੰ ਲਿਖੇ ਪੱਤਰ ਵਿਚ) ਪ੍ਰਗਟ ਕੀਤੇ ਸ਼ੰਕਿਆਂ ਨੂੰ ਮਿਟਾਉਂਣ ਲਈ, ਗੁਰਮਤਿ ਦੀ ਕਸਵੱਟੀ ਤੇ ਪੂਰਾ ਉੱਤਰਦਾ ਸੋਧ-ਪੱਤਰ ਲਿਖਣ ਦੀ ਸਮਰਥਾ ਵੀ ਰੱਖਦੇ ਹੋ, ਕੇਵਲ ਤੱਦ ਹੀ** ਇਨ੍ਹਾਂ ਤਖ਼ਤਾਂ ਦੀ ਹੋਂਦ ਬਾਰੇਂ ਕਿੰਤੂ ਪ੍ਰੰਤੂ ਨਾ ਹੋਣ ਦੀ ਪਾਬੰਦੀ ਲਾਉਣ ਦਾ ਹੱਕ, ਮੰਨਿਆਂ ਜਾ ਸਕਦਾ ਹੈ ਜੇ। ਸਤਿਗੁਰੂ ਨਾਨਕ ਸਾਹਿਬ ਜੀ ਦੇ ਸੰਤ-ਸੂਰਮੇ ਗੁਰਸਿੱਖ, ਕੋਈ ਗੁਰਮਤਿ ਵਿਰੋਧੀ ਬੇਦਲੀਲਾ ਹੁਕਮ ਨਾ ਜਾਰੀ ਕਰਦੇ ਹਨ ਅਤੇ ਨਾ ਹੀ ਕਿਸੇ ਨਾਦਰਸ਼ਾਹੀ ਹੁਕਮ ਅੱਗੇ ਕਦੇ ਸੀਸ ਹੀ ਝੁਕਾਉਂਦੇ ਹਨ। **(ੲ)** ਕੀ, ਆਪ ਜੀ ਨੂੰ ਇਹ ਵਿਸ਼ਵਾਸ਼ ਨਹੀਂ ਹੈ ਕਿ, ਜਦੋਂ ਕਿਸੇ ਸੰਸਥਾ ਦੀ ਸਿਰਜਣਾ ਅਤੇ ਉਸ ਦੀ ਮੁਹੱਤਤਾ ਬਾਰੇ ਪੈ ਰਹੇ ਸ਼ੰਕੇ ਦੂਰ ਹੋ ਜਾਣ ਤਾਂ ਆਪਣਿਆਂ ਕੋਲੋਂ, ਉਸ (-ਸੰਸਥਾ) ਦੀ ਹੋਂਦ ਲਈ, , ਕਦੇ ਕੋਈ ਖ਼ਤਰਾ ਨਹੀਂ ਬਣਿਆਂ ਕਰਦਾ ? ਕੀ ਤੁਸੀਂ ਸਿੱਧ ਕਰ ਸਕਦੇ ਹੋ ਕਿ, ਸ੍ਰੀ ਅਕਾਲਤਖ਼ਤ ਸਾਹਿਬ ਜੀ ਵਾਂਗ ਬਾਕੀ ਚੌਹਾਂ ਤਖ਼ਤਾਂ ਨੂੰ ਵੀ ਸਤਿਗੁਰਾਂ ਦੀ ਨਿੱਜੀ ਮਾਨਤਾ ਪ੍ਰਾਪਤ ਹੈ?

**(5)** ਬ੍ਰਾਹਮਣੀ ਝੂਠ ਵਿਚ ਗਲੇਫ਼ੇ ਆਪ ਜੀ ਦੇ ਇਹ ਬਚਨ--ਖ਼ਾਲਸਾ ਪੰਥ ਦੇ ਪੰਜੇ ਤਖ਼ਤ ਗੁਰੂ ਸਾਹਿਬਾਨ ਵਲੋਂ ਬਖ਼ਸ਼ੀ ਹੋਈ ਗੁਰੂ ਪੰਥ ਦੀ **ਜੁਗਤਿ** ਨੂੰ ਉਜਾਗਰ ਕਰਨ ਦੇ **ਸਦੀਆਂ** ਤੋਂ ਜ਼ਾਮਨ ਹਨ । ਤਖ਼ਤਾਂ ਰਾਹੀਂ **ਗੁਰੂ ਖ਼ਾਲਸਾ** ਪੰਥ ਆਪਣੀ ਕੌਮੀ ਏਕਤਾ, ਗੁਰੂ ਸਿਧਾਂਤ ਅਤੇ ਮਰਿਯਾਦਾ ਦੀ ਪਹਿਰੇਦਾਰੀ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ । ' ਪੜ੍ਹ ਕੇ ਸਿਰ ਸ਼ਰਮ ਨਾਲ ਨੀਵਾਂ ਹੋ ਰਿਹਾ ਹੈ।

## ਸਿਰ ਨੀਵਾਂ ਹੋਣ ਦੇ ਕਾਰਨਾਂ ? ਦਾ ਵੇਰਵਾ ਇਸ ਪ੍ਰਕਾਰ ਹੈ:-

**(ੳ)** **ਸਦੀਆਂ** ਸ਼ਬਦ **ਪੰਜ ਤਖ਼ਤਾਂ** ਨਾਲ ਲਾਉਣ ਵਾਲਾ ਝੂਠ, **ਸਿੰਘ-ਸਾਹਿਬ** ਪਦਵੀ ਦਾ ਮੁਖੜਾ ਕੀ, ਉਜਲਾ ਕਰ ਰਿਹਾ ਹੈ ਕਿ ਜਾਂ ? ਇਨ੍ਹਾਂ ਪਾਵਨ ਤਖ਼ਤਾਂ ਨੇ ਜੇ ਪੰਥ ਦੀ ਮੁਢਲੀ ਮਾਨ ਮਰਿਯਾਦਾ ਸੰਭਾਲੀ ਹੋਈ ਹੈ, ਤਾਂ **ਗੁਰੂ ਪੰਥ** ਦੀ ਵਿਗੜੀ ਹੋਈ ਹਾਲਤ ਦਾ ਰੋਣਾ, ਤੁਸੀ ਕਿਸ ਮੰਤਵ ਨਾਲ ਰੋ ਰਹੇ ਹੋ ਜੀ? ਅਹੰਕਾਰ-ਗ੍ਰਸੀ ਝੂਠ-ਬੋਲੀ? ਉਹ ਵੀ ਸਿੰਘ ਸਾਹਿਬ ਜੀ ਦੀ ਆਪਣੀ ਕਲਮ ਤੋਂ '? ਅਜੇਹਾ ਕਰਮ ਤਾਂ ਪ੍ਰੋਹਿਤ ਜੀ ਦੇ ਹਿੱਸੇ ਦਾ ਸੀ ?---**ਝੂਠ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥"**

**(ਅ)** " **ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ** " ਪੁਸਤਕ, ਆਪ ਜੀ ਦੀ ਸੇਵਾ ਵਿਚ ੧੯੯੫ ਵਿਚ ਭੇਟਾ ਕੀਤੀ ਗਈ ਸੀ। ਉਸ ਦੇ ੩੩੫ ਸਫ਼ੇ ਤੋਂ ੩੭੫ ਸਫ਼ੇ ਤੱਕ ਬੜੇ ਵਿਸਥਾਰ ਨਾਲ ਉਸ ਲਿਖਾਰੀ ਦੀ ਲਿਖਤ ਤੇ ਚਾਨਣਾ ਪਾਇਆ ਹੋਇਆ ਹੈ ਜਿਸ ਨੇ ਕਲਗ਼ੀਧਰ ਜੀ ਨੂੰ ਸ੍ਰੀ ਕ੍ਰਿਸ਼ਨ ਸਿੱਧ ਕੀਤਾ ਹੋਇਆ ਹੈ। ਪੰਜ ਪਿਆਰੇ ਪੰਜ ਪਾਂਡੋ ਦਰਸਾ ਕੇ ਏਥੋਂ ਤੱਕ ਲਿਖਿਆ ਹੈ ਕਿ--**ਜਿਹੜਾ ਕ੍ਰਿਸ਼ਨ ਜੀ ਨੂੰ ਵਾਹਿਗੁਰੂ ਨਹੀਂ ਮੰਨਦਾ ਉਹ**

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਨਹੀਂ ਹੈ।** ਗੁਰੂ ਬਾਣੀ ਦੇ ਪਾਵਨ ਸ਼ਬਦਾਂ ਦੀ ਗ਼ਲਤ ਵਰਤੋਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਵਤਾਰ ਪ੍ਰਥਾ ਵਿਰੋਧੀ ਸਿਧਾਂਤ ਦੀ ਭਰਪੂਰ ਖੰਡਨਾਂ ਕਰ ਰਹੀ ਉਸ ਪੁਸਤਕ ਬਾਰੇ ਜੋ ੧੯੭੪ ਤੋਂ ਬਾਜ਼ਾਰ ਵਿਚ ਵਿਕ ਰਹੀ ਹੈ--ਪੰਜ ਪਾਵਨ ਤਖ਼ਤਾਂ ਸਮੇਤ ਪੰਥ ਦੀ ਸਾਰੀ ਜਥੇਦਾਰੀ (ਪੰਥ ਦੇ ਕਥਿਤ ਸਰਬ੍ਰਾਹਾਂ ?) ਦੀ ਸੇਵਾ ਵਿਚ ਜੋਦੜੀਆਂ ਲਿਖ ਭੇਜੀਆਂ ਕਿ, ਬ੍ਰਾਹਮਣੀ ਮਰਿਯਾਦਾ ਨੂੰ ਪੰਥ ਵਿਚ ਰਲਾ ਰਹੀ ਇਸ ਪੁਸਤਕ ਤੇ ਕੋਈ ਰੋਕ ਲਾਉਣ ਦਾ ਉਪਕਾਰ ਕਰੋ ? ਪਰ ਜਾਗਦੇ ਨੂੰ ਕੋਣ ਜਗਾਏ ?

"ਸ੍ਰੀ ਗੁਰ ਬਿਲਾਸ ਪਾਤਸ਼ਾਹੀ ੬" ਪੁਸਤਕ (ਸੰਪਾਦਕ ਗਿਆਨੀ ਇੰਦਰ ਸਿੰਘ) --੧੯੭੭ ਤੋਂ ਲੋਕਾਂ ਦੀ ਤਸੱਲੀ ਕਰਾ ਰਹੀ ਹੈ ਕਿ- ਛੇਵੇਂ ਪਾਤਸ਼ਾਹ ਜੀ, ਅਸਲ ਵਿਚ ਵਿਸ਼ਨੂੰ ਭਗਵਾਨ ਜੀ ਹੀ ਅਵਤਾਰੀ ਹੋਏ ਸਨ ? ਸੰਖੇਪ ਵੇਰਵਾ-- **੧-** ਬਾਬਾ ਬੁੱਢਾ ਜੀ ਦੇ ਵਰ ਮਿਲਣ ਤੇ ਮਾਤਾ ਗੰਗਾਂ ਜੀ ਨੂੰ ਗ੍ਰਭ ਵਤੀ ਦਰਸਾਉਣ ਲਈ ਪੌਣ ਦੇਵਤਾ ਉਸੇ ਵੇਲੇ ਉਨ੍ਹਾਂ ਦੇ ਗ੍ਰਭ ਵਿਚ ਸਮਾ ਗਿਆ ਸੀ--ਦਸਵੇ ਮਹੀਨੇ ਵਿਸ਼ਨੂੰ ਜੀ ਬਾਲਕ ਰੂਪ ਹੋ ਕੇ ਮਾਤਾ ਗੰਗਾ ਜੀ ਨਾਲ ਆ ਲੇਟੇ ਸਨ--(ਸਪੱਸ਼ਟ ਹੋ ਰਿਹਾ ਹੈ ਕਿ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ, ਨਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਬਿੰਦੀ ਪੁੱਤਰ ਸਨ ਅਤੇ ਨਾ ਉਨ੍ਹਾਂ ਦਾ ਕੋਈ ਵਾਸਤਾ, ਗੁਰੂ ਨਾਨਕ ਸਾਹਿਬ ਜੀ ਦੀ ਨਿਆਰੀ ਜੋਤਿ-ਜੁਗਤਿ ਨਾਲ ਹੀ ਸੀ ? **੨-** ਜ਼ਹਿਰ ਲਾ ਕੇ ਆਈ ਦਾਈ ਦੇ ਥਣ ਨੂੰ ਮੂੰਹ ਵਿਚ ਪਾ ਕੇ ਉਸ ਦੇ ਪ੍ਰਾਣ ਖਿੱਚ ਲਏ । ਮਾਤਾ ਗੰਗਾ ਜੀ ਨੇ ਆਕਾਸ਼ਾਂ ਤੋਂ ਉਤਰਦਾ ਬਿਬਾਨ ਵੇਖਿਆ ਅਤੇ ਬਾਲਕ ਹਰਿਗੋਬਿੰਦ ਜੀ ਵਿਸ਼ਨੂੰ ਜੀ ਦਾ ਪ੍ਰਤੱਖ ਰੂਪ ਧਾਰੀ, ਅਪੱਛਰਾ ਬਣ ਚੁੱਕੀ ਉਸ ਦਾਈ ਨੂੰ ਅਸੀਸਾਂ ਦਿੰਦੇ ਵੇਖ ਲਏ ? ਵਿਸਮਾਦੀ ਅਸਚਰਜਤਾ ਵਿਚ ਆਏ, ਮਾਤਾ ਗੰਗਾ ਜੀ ਨੇ ਹੱਥ ਜੋੜ ਲਏ ਅਤੇ ਵਿਸ਼ਨੂੰ-ਰੂਪ ਸ੍ਰੀ ਹਰਿ ਗੋਬਿੰਦ ਜੀ ਕੋਲੋਂ ਪੁਛਿਆ--" ਮਹਾਰਾਜ ਜੀ ! ਇਹ ਇਸਤਰੀ ਕੌਣ ਸੀ? " ਉਨ੍ਹਾਂ ਦੱਸਿਆ ਕਿ, 'ਇਹ ਇੰਦਰ ਦੇ ਦਰਬਾਰ ਦੀ ਗਾਇਕਾ ਗੰਧਰਬ-ਕੰਨਿਆਂ ਸੀ ਜਿਸ ਨੂੰ ਅਸਾਂ ਸਰਾਪ-ਮੁਕਤ ਕੀਤੀ ਹੈਂ --ਅਤੇ ਫਿਰ ਬਾਲਕ ਰੂਪ ਹੋ ਕੇ ਮਾਤਾ ਗੰਗਾ ਜੀ ਦੀ ਗੋਦ ਵਿਚ ਵੜ ਗਏ । **੩-** ਬਾਲਕ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਨੂੰ ਦਹੀਂ ਵਿਚ ਜ਼ਹਿਰ ਦੇਣ ਵਾਲੇ ਬ੍ਰਾਹਮਣ ਨੂੰ ਜਦ ਸੇਵਕਾਂ ਨੇ ਦਹੀਂ ਸਮੇਤ ਸ੍ਰੀ ਗੁਰੂ ਅਰਜਨ ਸਾਹਿਬ ਦੇ ਪੇਸ਼ ਕੀਤਾ ਤਾਂ ਉਨ੍ਹਾਂ ਨੇ ਆਪਣੇ ਕੁੱਤੇ ਨੂੰ ਬੁਲਾ ਕੇ ਦਹੀ ਖਾਣ ਲਈ ਆਖਿਆ । ਕੁੱਤਾ ਬੋਲਿਆ--" ਜਦ ਸਾਹਿਬਜ਼ਾਦਾ ਜੀ ਇਸ ਦਹੀਂ ਨੂੰ ਨਹੀਂ ਖਾ ਰਹੇ ਤਾਂ ਮੈਂ ਕਿਉਂ ਖਾਵਾਂ ? ਭਾਈ ! ਸਾਹਿਬਜ਼ਾਦਾ ਦਹੀਂ ਕਿਸ ਕਾਰਨ ਨਹੀਂ ਖਾਂਦਾ ? **ਕੁੱਤਾ** - " ਜਹਿਰ ਰਲਿਆ ਦਹੀਂ ਭਗਵਾਨ ਜੀ ਕਿਵੇ ਖਾ ਲੈਂਣ ? ਭਾਵ, ਦਹੀਂ ਵਿਚਲੇ ਜ਼ਹਿਰ ਦਾ ਪਤਾ ਪੰਚਮ ਪਾਤਸ਼ਾਹ ਜੀ ਨੂੰ ਨਹੀਂ, ਸਗੋਂ ਉਨ੍ਹਾਂ ਦੇ ਕੁੱਤੇ ਨੂੰ ਲੱਗਾ ਸੀ ? ਸਤਿਗੁਰਾਂ ਨੇ ਫਿਰ ਵੀ ਦਹੀਂ ਖਾਣ ਲਈ ਆਖਿਆ, ਤਾਂ ਕੁੱਤਾ ਬੋਲਿਆ---" ਤੁਹਾਡਾ ਮਤਲਬ ਹੈ ਕਿ ਮੈਂ ਆਤਮ ਹਤਿਆ ਦੇ ਦੋਸ਼ ਵਿਚ ਅਬਿਗਤ ਜਾਵਾਂ ? ਅਜੇਹੀ ਬ੍ਰਾਹਮਣੀ ਬਕਵਾਸ ਦੁਆਰਾ ਪੰਚਮ ਗੁਰੂ ਨਾਨਕ ਸਤਿਗੁਰੂ ਜੀ ਦਾ ਮੌਜੂ ਉਡਾਇਆ ਹੋਇਆ ਹੈ? **੪-** ਛੇਵੇਂ ਸਤਿਗੁਰੂ ਨਾਨਕ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੂੰ ਸੇਲ੍ਹੀ ਟੋਪੀ ਸਮੇਤ ਜਨਮੇ ਦਰਸਾਉਣ ਦੇ ਨਾਲ ਸਾਰੀ ਔਲਾਦ (ਪੰਜੇ ਸਾਹਿਬਜ਼ਾਦੇ ਛੇਵੀਂ ਸਾਹਿਬਜ਼ਾਦੀ) ਸਤਿਗਰਾਂ ਦੀ ਬਿੰਦ ਤੋਂ ਗ੍ਰਭ ਵਿਚ ਔਣ ਦੇ ਥਾਂ, ਮੰਤ੍ਰ ਘੋਲ ਕੇ ਪੀਣ ਤੋਂ ਜਨਮੀ ਦਰਸਾਈ ਹੋਈ ਹੈ। ਸਾਹਿਬਜ਼ਾਦੀ ਬੀਬੀ ਵੀਰੋ ਜੀ ਸੁੰਭ ਨਿਸ਼ੁੰਭ ਦੈਂਤਾਂ ਦਾ ਨਾਸ ਕਰਨ ਵਾਲੀ ਦੁਰਗਾ, ਅਥਵਾ ਭਵਾਨੀ ਪ੍ਰਗਟ ਹਣ ਦੀ ਝੂਠ-ਗਾਥਾ ਇਨ੍ਹਾਂ ਸ਼ਬਦਾਂ ਵਿਚ ਲਿਖੀ ਹੋਈ ਹੈ:--- ਪਰਸੂਤ ਸਮਾ ਜਬ ਆਇਓ ਮੰਗਲ ਹੋਤ ਅਪਾਰ । ਮਾਤ ਅੰਗ ਫੁਰਕੈ ਸੁਖਦ ਸੂਚਨ ਆਨੰਦ ਭਾਰ ॥ ੫੬੫ ॥

ਸਵੈਯਾ ॥

ਚੰਡ ਪ੍ਰਚੰਡ ਧਰਯੋ ਤਨ ਸੁੰਦ੍ਰ ਆਯੁਧ ਅੰਗ ਬਿਰਾਜਤ ਭਾਰੀ । ਭਾਲ ਸਸੀ ਪਿਖ ਨੈਨ ਪ੍ਰਕਾਸਤ ਕਾਟ ਨਿਸਾ ਤਮ ਦੂਰ ਨਿਵਾਰੀ ।
ਸ਼ੁੰਭ ਨਿਸ਼ੁੰਭ ਹਤ ਜਿਨ ਦਾਨਵ ਰਾਜ ਦੀਓ ਸੁਖ ਸੋ ਅਸਰਾਰੀ । ਸੋਈ ਬਨਾਇ ਮਹਾਤਨ ਸੁੰਦਰ ਲੀਨ ਅਵਤਾਰ ਪ੍ਰਭੂ ਬਚ ਸਾਰੀ ॥੫੬੬॥

ਦੋਹਰਾ ॥

ਮਾਤ ਦਮੋਦ੍ਰੀ ਉਦਰ ਤੇ **ਪਵਨ** ਨਿਕਸ ਦਿਖਨੈਨ । ਮਹਾ ਜੋਤਿ ਆਯੁਧ ਧਰੋ ਮਨੋ ਰੂਪ ਕੋ ਐਨ ॥ ੫੬੭ ॥
ਨਮੋ ਨਮੋ ਮਾਤ ਕਰੀ ਚੰਡ ਪ੍ਰਚੰਡ ਲਖਾਇ । ਕੈਸ ਜਨਮ ਮੇਰੋ ਲੀਓ ਕਹੋ ਬਾਤ ਸਮਝਾਇ ॥ ੫੬੮ ॥

**ਚੰਡਕਾ ਵਾਚ ਮਾਤਾ ਕੋ** ॥

ਦਯਾ ਸਿੰਧ ਆਗਿਆ ਕਰੀ ਤੋਹਿ ਮੰਤ੍ਰਕੇ ਸਾਥ । ਤੁਮ ਯਾਚਨ ਮੇਰਾ ਕੀਓ ਦਾਸੀ ਜਾਨ ਅਨਾਥ ॥ ੫੬੯ ॥

ਚੌਪਈ ॥

ਇਹਤੇ ਅਪਨਾ ਰੂਪ ਦਿਖਾਯੋ ॥ ਖੋਜ ਥਕੇ ਨਰ ਹਾਥ ਨਸ਼ਆਯੋ । ਅਬ ਹੌਂ ਪੁਤਰੀ ਭਈ ਤੁਹਾਰੀ । ਪ੍ਰਭ ਕੀ ਆਇਸ ਸਿਰ ਪਰ ਧਾਰੀ ॥ ੫੭੦ ॥
ਮਾਤਾ ਹਰਖ ਕਹਾ ਸੁਨ ਲੀਜੈ । ਪੁਤ੍ਰੀ ਬਾਲ ਅੰਗ ਸਬ ਕੀਜੈ । ਤਤਛਿਨ ਬਾਲ ਅੰਗ ਕਰ ਲੀਨੇ । ਸੁਤਾ ਸਮਾਨ ਰੁਦਨ ਤਬ ਕੀਨੇ ॥ ੫੭੧ ॥ ਏਥੇ ਹੀ ਬਸ ਨਹੀਂ ਸਗੋਂ ਬੀਬੀ ਵੀਰੋ ਜੀ ਦੇ ਪਤੀ ਭਾਈ ਸਾਧੂ ਜੀ ਨੂੰ ਸਤਿਗੁਰਾਂ ਦੀ ਜਬਾਨੀ **ਸ਼ਿਵ ਜੀ** ਪ੍ਰਗਟੇ ਦਰਸਾਇਆ ਹੋਇਆ ਹੈ (ਸਫ਼ਾ ੨੪੧--ਚੌਪਈ ੬੪੮ ਤਂੋ ੬੬੩ )

**੫-** ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹੀਦੀ ਦੇ ਮਹਾਨ ਸਾਕੇ ਨੂੰ **ਆਤਮ ਹੱਤਿਆ** ਦੀ ਝੱਠ ਕਹਾਣੀ ਬਣਾ ਦਿੱਤਾ ਹੋਇਆ ਹੈ। ਅਖੇ ਸਤਿਗੁਰਾਂ ਨੇ ਆਪਣੇ ਇੱਕ ਸਿੱਖ ਨੂੰ ਹੁਕਮ ਦਿੱਤਾ ਕਿ ਉਹ ਜਦੋਂ ਸੀਸ ਨਿਵਾਉਣ, ਦਾ ਸੀਸ ਕੱਟ ਕੇ ਫਿਰ ਆਪਣਾ ਵੀ ਅੰਤ ਕਰ ਲਵੇ। ਫਿਰ ਸਿੱਖ ਨੇ---" **ਜੋ ਗੁਰ ਕੇ ਪਹਿਰੁ ਹੁਤੇ ਤਿਨਕੀ ਤੇਗ਼ ਗਹਾਈ । ਗੁਰ ਕੋ ਹਤ ਜਿਨ ਪ੍ਰਾਨ ਤਜ ਗੁਰੁ ਹੀ ਸੰਗ ਸਿਧਾਇ ॥ ੨੬੯ ॥** ਭਾਵ, ਪਹਿਰੇਦਾਰ ਦੀ ਤੇਗ਼ ਫੜ ਕੇ ਪਹਿਲਾਂ ਸਤਿਗੁਰਾਂ ਦੀ ਹਤਿਆ ਕੀਤੀ ਅਤੇ ਫਿਰ ਆਪਣੇ ਪ੍ਰਾਣ ਲਏ ਤੇ ਗੁਰੂ ਦੇ ਨਾਲ ਹੀ ਪਰਲੋਕ ਨੂੰ ਚਲਾ ਗਿਆ। (ਪੜ੍ਹੋ ੧੬੮--੧੬੯ ਸਫ਼ਾ ) ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਤੋਂ ਅਰੰਭ ਹੋ ਕੇ ਦਸਾਂ ਹੀ ਪਾਤਸ਼ਾਹੀਆਂ ਦਾ ਇਤਿਹਾਸ ਪੁਰਾਣਕ ਗਾਥਾ ਦੇ ਰੂਪ ਵਿਚ ਪੇਸ਼ ਕੀਤਾ ਹੋਇਆ ਹੈ। ਬ੍ਰਾਹਮਣ ਵਾਦ ਅਤੇ ਪਤਿਪੁਣਾ ਪੰਥ ਵਿਚ ਪ੍ਰੇਵਸ਼ ਕਰੀ ਜਾ ਕੇ ਪੰਥ ਦਾ ਨਿਆਰਾ-ਪਨ ਨਸ਼ਟ ਕਰੀ ਰੱਖਣ ਦਾ ਅਸਰਦਾਰ ਸਾਧਨ ?

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

**6) -** ਬ੍ਰਾਹਮਣੀ ਝੂਠ ਨੂੰ ਪਾਠਕਾਂ ਲਈ ਪੂਰਨ ਸੱਚ ਬਣਾ ਰਹੀ ਇਹ ਪੁਸਤਕ ਕੇਵਲ ਗੁਰੂ ਇਤਿਹਾਸ ਨੂੰ ਹੀ ਨਹੀਂ ਵਿਗਾੜ ਰਹੀ ਸਗੋਂ ਸਤਿਗੁਰਾਂ ਦੇ ਨਿਆਰੇ ਗੁਰਮਤਿ ਸਿਧਾਂਤ ਵਿਚ ਘਾਤਕ ਖੋਟ ਰਲਾ ਰਹੀ ਹੈ। ਅਜੇਹੀਆਂ ਗੁਰਮਤਿ ਵਿਰੋਧੀ ਪੁਸਤਕਾਂ ਨੂੰ ਗੁਰੂ ਇਤਿਹਾਸ ਦਾ ਹਿੱਸਾ ਬਣ ਲੈਣ ਦੀ ਖੁਲ੍ਹ ਮਿਲ ਜਾਣੀ ਕੀ, ਪੰਜ ਸਿੰਘ ਸਾਹਿਬਾਨ ਦੀ ਸੁਚੇਤ ਪਹਿਰੇਦਾਰੀ ਦਾ ਹਯੀ ਸਬੂਤ ਹੈ ਜੀ ?

(ੲ) **੧**- ਨਾਨਕ ਸਰੀਆਂ ਦੀ ਆਪਣੇ ਢੰਗ ਦੀ ਗੁਰਮਤਿ ਮਰਿਯਾਦਾ ਪੰਥਕ ਮਰਿਯਾਦਾ ਦਾ ਹਰ ਪੱਖੋਂ ਘੁੱਟ ਭਰੀ ਜਾ ਰਹੀ ਹੈ। ੭੪ ਜਾਮੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਆਪਣੇ ਵਿਚ ਦਰਸਾ ਕੇ ਲੋਕਾਂ ਲਈ ਗੁਰੂ ਨਾਨਕ ਬਣੇ ਰਹਿਣ ਲਈ ਗੁਟਕੇ ਛਾਪੇ ਹੋਏ ਹਨ। **੨**- ਮਜੀਠੇ ਤੋਂ ਅੱਗੇ ਭੋਮੇ ਵਡਾਲੇ ਕੋਲ ਕਿਸੇ ਪੀਰ ਦੀ ਕਬਰ ਤੇ ਸ਼ਰਾਬ ਚੜ੍ਹਦੀ ਹੈ ਅਤੇ ਹਰ ਸਾਲ ਮੇਲਾ ਭਰਨਾ ਅਰੰਭ ਹੋ ਗਿਆ । ਸ਼ਰਾਬੀਆਂ ਦੇ ਉਸ ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੁਆਰਾ ਸਤਿਗੁਰਾਂ ਦੀ ਘੋਰ ਬੇਅਦਬੀ ਕਰਨ ਦੇ ਨਾਲ ਪਤਤਿ ਪੁਣਾ ਵਾਧੇ ਵੱਲ ਨੂੰ ਤੋਰਿਆ ਜਾ ਰਿਹਾ ਹੁੰਦਾ। **੩**- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵਪਾਰ ਬਣਾਈ ਫਿਰਦੇ ਪਾਠੀ ਸਤਿਗੁਰਾਂ ਦੇ ਸਰੂਪ ਨੂੰ ਸਾਈਕਲਾਂ ਦੇ ਪਿੱਛੇ ਬੰਨ੍ਹੀ ਫਿਰਦੇ ਹਨ। **੪**- ੧੯੪੭ ਤੱਕ ਨੀਲੀ ਪੱਗ ਵਾਲਾ ਸਿੱਖ ਸਿਨਮੇ ਹਾਲ ਵਿਚ ਬੈਠਾ ਵੇਖਿਆ ਨਹੀਂ ਸੀ ਜਾਂਦਾ, ਸਿੱਖ ਬੱਚੀ ਸਟੇਜ ਉਤੇ ਇਸ਼ਕੀਆ ਗਾਣੇ ਗਾਉਂਦੀ ਕਦੇ ਨਹੀਂ ਸੀ ਵੇਖੀ। ਅੱਜ ਟੀ ਵੀ ਉਤੇ ਬੜੀਆਂ ਸੋਹਣੀਆਂ ਦਸਤਾਰਾਂ ਵਾਲੇ ਨੌਜਵਾਨ ਸਿੱਖ ਬੀਬੀਆਂ ਨਾਲ ਰਲ ਕੇ ਇਸ਼ਕੀਆ ਗਾਣੇ ਗਾਉਂਦੇ ਨੱਚਦੇ ਕਈ ਤਰ੍ਹਾਂ ਦਾ ਗੰਦ ਖਿਲਾਰਦੇ ਵੇਖ ਕੇ ਪੰਥ ਦੀ ਬਦਕਿਸਮਤੀ ਤੇ ਰੋਣਾ ਆ ਰਿਹਾ ਹੁੰਦਾ ਹੈ। **੫**- ਸਿੱਖ ਬਚੀਆਂ ਕੇਸ ਕਟਾ ਕੇ ਫ਼ਿਲਮਾ ਵਿਚ ਰਾਮਜਣੀਆਂ ਦੀ ਭੂਮਕਾ ਨਿਭਾ ਰਹੀਆਂ ਦੀ ਭਰਮਾਰ, ਦਿਨੋ ਦਿਨ ਵਾਧੇ ਤੇ ਹੈ। ਸਿੱਖ ਮਰਿਯਾਦਾ ਵਿਚ ਬ੍ਰਾਹਮਣੀ ਰੀਤਾਂ ਰਲਦੀਆਂ ਹੀ ਤੁਰੀਆਂ ਜਾ ਰਹੀਆਂ ਹਨ । ਸਿੱਟੇ ਵਜੋਂ ਪੰਥ ਵਿਚ ਪਤਿਤ ਪੁਣਾ ੯੫ ਪ੍ਰਤੀਸ਼ਦ ਵਧ ਚੁੱਕਾ ਹੈ ਪਰ ਇਹ ਪੰਥ ਫਿਰ ਵੀ ਗੁਰੂ-ਪੰਥ ? ਪਤਤਿ ਹੋ ਰਹੇ ਸਿੱਖ ਜਗਤ **ਲਈ ਗੁਰੂ ਪੰਥ** ਸ਼ਬਦ ਦੀ ਵਰਤੋਂ ਦਾ ਅਰਥ ਕੀ, ਕੇਸ ਕਟਾ ਲੈਣ ਦਾ ਉਤਸ਼ਾਹ ਦੇਣਾ ਨਾ ਹੋਇਆ ਜੀ ? [ ਜੇ ਖੇਚਲ ਝੱਲ ਸਕੋ ਤਾਂ " ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ " ਪੁਸਤਕ ਦਾ ਪੰਜਵਾਂ ਭਾਗ ਪੜ੍ਹ ਲੈਣਾ ਜੀ]

(ਸ) ਪੰਥ ਨੂੰ ਧੜਿਆਂ ਵਿਚ ਨਿਰੰਤਰ ਵੰਡੀ ਜਾਣ ਵਾਲੇ ਗੰਭੀਰ ਵਿਵਾਦ **>** ( ਮਾਸ਼ ਖਾਣਾ ਗੁਰਮਤਿ ਦੇ ਵਿਰੁੱਧ ਹੈ --ਮਾਸ ਖਾਣ ਜਾਂ ਨਾ ਖਾਣ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ----ਲਿਖਾਰੀ ਦੋਵੇ ਪੱਖ ਗੁਰੂ ਬਾਣੀ ਦੇ ਪਰਮਾਣਾ ਦੁਆਰਾ ਹੀ ਸਿੱਧ ਕਰ ਰਹੇ ਹਨ--ਭਾਵ, ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੱਕ ਗੁਰੂ ਘਰ ਦਾ ਪੱਕਾ ਅਤੇ ਅਟੱਲ ਸਿਧਾਂਤ ਨਾ ਕਦੇ ਹੋਇਆ ਸੀ ਅਤੇ ਨਾ ਅੱਜ ਹੈ ? ਦਸਮ ਗ੍ਰੰਥ ਬਾਰੇ ਚਲੇ ਆ ਰਹੇ ਵਿਵਾਦ ਦਾ ਸੂਝ ਬੂਝ ਨਾਲ ਨਿਪਟਾਰਾ ਕਰਨ ਦੇ ਥਾਂ, ਜਦ ਕਿਸੇ ਨੇ ਬ੍ਰਾਹਮਣੀ ਕੁਟਲ-ਕੁਫ਼ਰ ਵੱਲ ਪੰਥ ਦਾ ਧਿਆਨ ਦਿਵਾਉਣ ਦਾ ਯਤਨ ਕੀਤਾ ਤਾਂ--ਤੁਹਾਡੇ ਆਪਣੇ ਕਥਨ ਅਨੁਸਾਰ-- ਪੰਥ ਦੀ ਗੌਰਵਤਾ ਦੇ ਪ੍ਰਤੀਕ ਸਿੰਘ ਸਾਹਿਬਾਨ ਨੇ ਉਸ ਸੱਚੇ ਸੁਚੇ ਪੰਥ ਦਰਦੀ ਵਿਦਵਾਨ ਨੂੰ ਪੰਥ ਵਿਚੋਂ ਖ਼ਾਰਜ ਕਰ ਕੇ ਉਸ ਨੂੰ ਰੋਲ ਰੋਲ ਕੇ ਮਾਰ ਦੇਣ ਵਿਚ ਪੰਥਕ ਸੇਵਾ ਮੰਨ ਲਈ ?) **<** ਸਦੀਆਂ ਤੋਂ ਪੰਥ ਨੂੰ ਘੁਣ ਵਾਂਗ ਖਾਈ ਜਾ ਰਹੇ ਹਨ। ਕਿਸੇ ਤਖ਼ਤ ਵੱਲੋਂ ਕਦੇ ਕੋਈ ਸੇਧ ਪੱਤਰ ਜਾਰੀ ਨਹੀਂ ਹੋਇਆ, ਹੁਣ ਹੁਕਮਨਾਮੇ ਲਿਖਣ ਦੀ ਦੌੜ ਲਾ ਬੈਠੇ ਹੋ ?

ਗੁਰਮਤਿ ਨੂੰ ਠੀਕ ਢੰਗ ਨਾਲ ਗੁਰੂਬਾਣੀ ਦੇ ਪਰਮਾਣਾ ਦੁਆਰਾ ਉਜਾਗਰ ਕਰਨ ਦੀ ਸੇਵਾ ਕਰਨ ਵਾਲੇ ਲਿਖਾਰੀ ਨੂੰ ਉਤਸ਼ਾਹ ਦੇਣ ਲਈ ਕੋਈ ਉਚੇਚੀ ਮਰਿਯਾਦਾ ਨਹੀਂ ਅਤੇ ਘਾਤਕ ਅਸਰਾਂ ਵਾਲੀਆਂ ਪੁਸਤਕਾਂ ਲਿਖਣ ਵਾਲਿਆਂ ਲਈ ਕੋਈ ਰੋਕ ਨਹੀਂ--ਬਿਨਾਂ ਕਿਸੇ, ਗੁਰਮਤਿ ਅਸੂਲ ਤੋਂ ਬਣੇ (ਚੌਹਾਂ-) ਤਖ਼ਤਾਂ ਤੇ ਬਿਰਾਜਮਾਨ ਸਿੰਘ ਸਾਹਿਬ ਜੀਓ ! ਲੋਕਾਂ ਲਈ ਪੂਜਨੀਕ ਜਾਂ ਸਤਿਕਾਰ ਜੋਗ ਬਣੀ ਬੈਠੇ ਜਥੇਦਾਰ ਸਾਹਿਬ ਜੀਓ ! ਤੁਸੀਂ ਸਮਝਾਉ ਤਾਂ ਸਹੀ ਕਿ ਆਪ ਜੀ ਦੇ ਇਸ ਫ਼ੁਰਮਾਨ ਵਿਚ ਸਚਾਈ ਕਿਥੋਂ ਲੱਭੀਏ ?-----ਗੁਰੂ ਸਾਹਿਬਾਨ ਵਲੋਂ ਬਖ਼ਸ਼ੀ ਹੋਈ ਗੁਰੂ ਪੰਥ ਦੀ **ਜੁਗਤਿ** ਨੂੰ ਉਜਾਗਰ ਕਰਨ ਦੇ ਸਦੀਆਂ ਤੋਂ ਜ਼ਾਮਨ ਹਨ । ਤਖ਼ਤਾਂ ਰਾਹੀਂ **ਗੁਰੂ ਖ਼ਾਲਸਾ** ਪੰਥ ਆਪਣੀ ਕੌਮੀ ਏਕਤਾ, ਗੁਰੂ ਸਿਧਾਂਤ ਅਤੇ ਮਰਿਯਾਦਾ ਦੀ ਪਹਿਰੇਦਾਰੀ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ । ਕੀ ਥਾਂ ਥਾਂ ਤੇ ਸਤਿਗੁਰਾਂ ਦਾ ਉਹੀ ਫ਼ੁਰਮਾਨ ਨਹੀਂ ਢੁੱਕਦਾ ਜੀ ---**ਝੂਠ ਨ ਬੋਲਿ ਪਾਡੇ ਸਚੁ ਕਹੀਐ** - - - - - - **?**

**(7)** ੨੧ ਜਨਵਰੀ ਵਾਲੇ ਬਿਆਨ ਦੇ ਅਰੰਭਕ ਪੈਰੇ ਵਿਚ, ਸਿੰਘ ਸਾਹਿਬ ਰਣਜੀਤ ਸਿੰਘ ਕੋਲੋਂ ਪੁੱਛੇ ਤੁਹਾਡੇ ਸੱਤ ਸਵਾਲਾ ਵਿਚੋਂ ਪਹਿਲਾ ਪ੍ਰਸ਼ਨ ਇਉਂ ਹੈ--

> ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ: ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਾਜ਼ਰ ਹੋ ਕੇ ਲਿਖਤੀ ਰੂਪ ਵਿਚ ਇਹ ਇਕਬਾਲ ਕੀਤਾ ਸੀ ਕਿ ਉਹ ਅਣਜਾਣੇ ਵਿਚ ਨਿਰੰਕਾਰੀ ਭਵਨ ਪਟਿਆਲਾ ਵਿਖੇ ਗਏ ਸਨ ਪਰ ਬਾਅਦ ਵਿਚ (ਰੁਹਾਨੂੰ ਤੇ?)**ਹੋਰ ਸਿੰਘ ਸਾਹਿਬਾਨ ਨੂੰ ਭਰੋਸੇ ਚ ਲੈਣ ਤੋਂ ਬਗ਼ੈਰ ਇਹ ਲਿਖਤ ਕਿਉ ਬਦਲਵਾ ਦਿੱਤੀ** ਗਈ ? ੨) ਇਹ ਲਿਖਤ ਉਨ੍ਹਾਂ ਨੇ ਆਪਣੀ ਇੱਛਾ ਨਾਲ ਬਦਲਵਾਈ ਜਾ ਕੀ ਅਜਿਹਾ ਉਨ੍ਹਾਂ ਜਥੇ: ਟੌਹੜਾ ਦੇ ਪ੍ਰਭਾਵ ਹੇਠ ਆ ਕੇ ਕੀਤਾ ? ੩)- ਕੀ ਅਜਿਹਾ ਕਰਕੇ ਉਨ੍ਹਾਂ ਮਹਾਨ ਪਵਿੱਤਰ ਸੰਸਥਾ ਦੀ ਪਵਿੱਤ੍ਰਤਾ ਨੂੰ ਭੰਗ ਨਹੀਂ ਕੀਤਾ ? "

**੧)** **ਬਹੁਤਾ ਗੰਭੀਰ ਸ਼ੰਕਾ**---ਕੀ, ਤੁਹਾਨੂੰ ਅਥਵਾ ਹੋਰ ਜਥੇਦਾਰ ਸਾਹਿਬਾਨ ਨੂੰ ਭਰੋਸੇ ਵਿਚ ਲੈ ਕੇ ਉਹ ਲਿਖਤ ਬਦਲੀ ਜਾ ਸਕਦੀ ਸੀ ਜੀ?

**੨)** ਕੀ, ਤੁਸੀਂ ਇਹ ਦੱਸ ਸਕਦੇ ਹੋ ਕਿ ਜਦ ਭਾਈ ਰਣਜੀਤ ਸਿੰਘ ਜੀ ਦੇ ਇਨ੍ਹਾਂ ਅਰਥਾਂ ਵਾਲੇ ਬਿਆਨ ਛਪ ਰਹੇ ਸਨ ਕਿ ਉਨ੍ਹਾਂ ਕੋਲ ਟੌਹੜਾ ਸਾਹਿਬ ਦੇ ਦੋਸ਼ ਨੂੰ ਸਿੱਧ ਕਰਨ ਵਾਸਤੇ ਕੋਈ ਸੱਚਾ ਅਤੇ ਠੋਸ ਸਬੂਤ ਪੇਸ਼ ਨਹੀਂ ਕੀਤਾ ਜਾ ਰਿਹਾ, ਤਾਂ ਤੁਸਾਂ, ਜਾਂ ਬਾਕੀ ਸਿੰਘ ਸਾਹਿਬਾਨ ਵਿਚੋਂ ਕਿਸੇ ਨੇ ਵੀ, ਉਸੇ ਵੇਲੇ ਅਖ਼ਬਾਰਾਂ ਨੂੰ ਇਹ ਬਿਆਨ ਕਿਉਂ ਨਾ ਦਿੱਤਾ ਕਿ, ਜਦ ਟੌਹੜਾ ਸਾਹਿਬ ਲਿਖਤੀ ਰੂਪ ਵਿਚ ਆਪਣੀ ਗ਼ਲਤੀ ਮੰਨ ਚੁੱਕੇ ਹਨ, ਤਾਂ ਹੋਰ ਸਬੂਤ ਦੀ ਗੱਲ ਕਰਨ ਦੀ ਗੁੰਜਾਇਸ਼ ਕਿਵੇਂ ਰਹਿ ਗਈ? ਕੀ, ਤੁਹਾਡੀ ਉਹ ਚੁੱਪ ਸਵੈਇੱਛਿਆ ਤੇ ਨਿਰਭਰ ਸੀ, ਕਿ, ਜਾਂ ਉਸ ਸਮੇ ਤੁਹਾਨੂੰ ਟੌਹੜਾ ਸਾਹਿਬ ਦਾ ਭੈ ਘੇਰੀ ਬੈਠਾ ਸੀ ?

**3)** **ਉਨ੍ਹਾਂ ਦਿਨਾਂ ਵਿਚ** ਤੁਹਾਡਾ ਜਾਣ ਬੁੱਝ ਕੇ ਚੁੱਪ ਰਹਿਣਾ ਸਿੱਧ ਕਰਦਾ ਹੈ ਕਿ ਤੁਸਾਂ **ੳ)** ਟੌਹੜਾ ਸਾਹਿਬ ਨੂੰ ਨਿਰਦੋਸ਼ ਘੋਸ਼ਤ ਕਰਨ ਲਈ ਭਾਈ ਰਣਜੀਤ ਸਿੰਘ ਜੀ ਨੂੰ ਉਕਸਾਇਆ ਅਥਵਾ ਉਨ੍ਹਾਂ ਦੀ ਸਹਾਇਤਾ ਕੀਤੀ ਸੀ **ਅ)** ਜਦ ਸ੍ਰੀ ਅਕਾਲਤਖ਼ਤ ਸਾਹਿਬ ਦੀ ਪਾਵਨਤਾ ਦਾ ਸਵਾਲ ਪੰਥ ਦੇ ਸਾਹਮਣੇ ਸੀ ਤਾਂ, ਤਖ਼ਤਾਂ ਦੇ ਜਥੇਦਾਰ, ਸਿੰਘ ਸਾਹਿਬ ਹੋਣ ਦੀ ਹੈਸੀਅਤ ਵਿਚ, ਜਾਣ ਬੁੱਝ ਕੇ ਚੁੱਪ ਰਹਿ ਕੇ, ਉਸ ਮਹਾਨ ਪਵਿੱਤ੍ਰ ਸੰਸਥਾ ਨੂੰ ਅਪਵਿਤਰ ਕਰਨ ਵਿਚ, ਤੁਸੀਂ ਆਪਣੇ ਆਪ ਨੂੰ ਸਗੋਂ ਵੱਧ ਦੋਸ਼ੀ ਕਿਸ ਦਲੀਲ ਨਾਲ ਨਹੀਂ ਮੰਨ ਰਹੇ ਹੋ ਜੀ ?**ਇਸ ਵਿਚ ਕੋਈ ਸ਼ੱਕ ਨਹੀਂ ਹੈ,** ਕਿ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ (ਡੇਰਾਵਾਦ ਦੇ ਅਸਰ ਹੇਠ ਜਵਾਨੀ ਚੜੇ ਹੋਣ ਦੇ ਕਾਰਨ) ਗੁਰਮਤਿ ਦੇ ਸਿੱਧਾਂਤ ਤੋਂ ਅਣਜਾਨ ਹੋਣ ਦੇ ਕਾਰਨ ਉਨ੍ਹਾਂ ਦੀਆਂ ਬਹੁਤੀਆਂ ਗੱਲਾਂ ਗੁਰਮਤਿ ਦੇ ਵਿਰੁੱਧ

ਹਨ ਅਤੇ ਉਹ ਕਈ ਬ੍ਰਾਹਮਣੀ ਰੀਤਾਂ ਨੂੰ ਗੁਰਮਤਿ ਮਰਿਯਾਦਾ ਮੰਨ ਰਹੇ ਹਨ, ਪਰ ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਵਿਚ ਕੋਈ ਵੀ ਗੁਣ ਨਹੀਂ। ਜਿਹੜਾ ਵਿਸ਼ੇਸ਼ ਗੁਣ ਕੁਦਰਤ ਨੇ ਉਨ੍ਹਾਂ ਵਿਚ ਪਾਇਆ ਹੈ, ਕੇਵਲ ਉਸੇ ਦੀ ਅਣਹੋਂਦ ਦੇ ਕਾਰਨ ਤੁਹਾਡੇ ਦੋਹਾਂ ਸਿੰਘ ਸਾਹਿਬਾਨ ਵਿਚਲੇ ਕੀਮਤੀ ਗੁਣ ਵੀ ਅਕਾਰਥ ਹਨ ।

੪) ਸਭ ਤੋਂ ਵਡੀ ਪੰਥਕ-ਬਦਕਿਸਮਤੀ ਵਾਲੀ ਗੱਲ ਇਹ ਹੈ ਕਿ, ਅੱਜ ਜਦ ਕਿ ਤੁਹਾਨੂੰ ਪੰਜਾਬ ਦੇ ਮੁੱਖਮੰਤ੍ਰੀ ਸਾਹਿਬ ਨੇ ਭਰੋਸਾ ਦਿਵਾਇਆ ਹੈ ਕਿ, ਉਨ੍ਹਾਂ ਨੇ ਜਥੇਦਾਰ ਟੌਹੜਾ ਨੂੰ ਚਲਦਾ ਕਰ ਦੇਣਾ ਹੈ ਅਤੇ **SGPC** ਦੀ ਅੰਤਰੰਗ ਕਮੇਟੀ ਦੀ ਬਹੁਗਿਣਤੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ **ਸਸਪੈਂਡ** ਕਰ ਦਿੱਤਾ ਹੈ ਤਾਂ, ਤੁਹਾਡੇ ਅਜੇਹੇ ਬਿਆਨਾਂ ਤੋਂ ਤੁਸੀਂ ਵਿਸ਼ਵਾਸ਼-ਘਾਤੀ ਅਥਵਾ ਸਮੇ ਨਾਲ ਰੰਗ ਬਦਲ ਜਾਣ ਵਾਲੇ ਬੇਪ੍ਰਤੀਤੇ ਮੰਨੇ ਜਾਣ ਦੇ ਦੋਸ਼ ਤੋਂ ਕਿਵੇਂ ਬਚ ਸਕਦੇ ਹੋ ਜੀ ? ਠੀਕ ਸਮੇ ਤੋਂ ਖੁੰਝ ਕੇ ਬੇਵਕਤ ਰੰਗ ਬਦਲ ਜਾਣ ਤੋਂ ਤੁਹਾਨੂੰ ਇਸ ਸ਼ੰਕੇ ਦੀ ਨਿਵਰਤੀ ਵੀ ਕਰਨੀ ਪਵੇਗੀ ਕਿ, ਦਲੇਰੀ ਨਾਲ ਕੋਈ ਨਿਰਣਾ ਲੈਣ ਜੋਗੇ ਨਾ ਹੋਣ ਦੇ ਕਾਰਣ ਤੁਸੀਂ ਕੌਮ ਨੂੰ ਕਦੇ ਲਾਹੇਵੰਦ ਸੇਧ ਦੇਣ ਦੇ ਸਮਰੱਥ ਨਹੀਂ ਹੋ ? ਆਸ ਹੈ ਕਿ ਤੁਸੀਂ, ਇਨ੍ਹਾਂ ਸ਼ੰਕਿਆਂ ਨੂੰ ਖੰਡਨ ਕਰਨ ਵਾਲੀ ਕਿਸੇ ਗੁੱਝੀ ਅਤੇ ਠੋਸ ਅਸਲੀਅਤ ਤੋਂ ਦਾਸ ਨੂੰ ਜ਼ਰੂਰ ਜਾਣੂੰ ਕਰਵਾਉਗੇ, ਤਾਂ ਜੋ ਇਹ ਚਿੱਠੀਆਂ ਪਾਠਕਾਂ ਦੇ ਹੱਥਾਂ ਵਿਚ ਪੁੱਜਣ ਤੋਂ ਪਹਿਲਾਂ ਹਰ ਪੱਖੋਂ ਖੁਨਾਮੀ ਰਹਿਤ ਹੋ ਜਾਣ ਜੀ।

**(8)** ਤੁਸੀ ਚੰਗੀ ਤਰ੍ਹਾਂ ਜਾਣਦੇ ਹੋ ਕਿ, ਪੰਥ ਦੀ ਗੌਰਵਤਾ ਦੇ ਪ੍ਰਤੀਕ ਧਰਮ ਅਸਥਾਨ ਨਹੀਂ--ਸਗੋਂ ਖ਼ਾਲਸਾ ਜੀ (= ਮਨੁੱਖਤਾ) ਦੀ ਗੌਰਵਤਾ ਦੇ ਪ੍ਰਤੀਕ ਕੇਵਲ ਅਤੇ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਸਦੀਵੀ ਮਾਲਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਅਥਵਾ ਉਨ੍ਹਾਂ ਦੀ ਸਿਖਿਆ ਹੀ ਹੈ? ਹੈਰਾਨੀ ਹੈ ਕਿ ਤੁਸਾਂ ਆਪਣੇ ਬਿਆਨਾਂ ਵਿਚ ਸਤਿਗੁਰਾਂ ਨੂੰ ਛੱਡ ਕੇ ਪੰਜ ਤਖ਼ਤ ਸਾਹਿਬਾਨ ਅਥਵਾ ਪੰਜ ਸਿੰਘ ਸਾਹਿਬਾਨ ਦੀ ਮਹਾਨਤਾ ਦਾ ਹੀ ਢੰਡੋਰਾ ਕਿਸ ਯੋਜਨਾਂ ਦੀ ਪੂਰਤੀ ਲਈ ਦਿੱਤਾ ਹੈ ਜੀ ? ਕਿਤੇ ਤੁਸੀਂ ਵੀਂ ਸਤਿਗੁਰਾਂ ਤੋਂ ਅੱਗੇ ਤਾਂ ਨਹੀਂ ਲੰਘ ਤੁਰੇ ਹੋਏ ਜੀ? ਕੀ, ਕਿਤੇ ਏਹੀ ਕਾਰਨ ਤਾਂ ਨਹੀਂ ਹੈ, ਜੋ ਤੁਸਾਂ, ਸਤਿਗੁਰੂ ਜੀ ਦੇ ਸੇਵਾਦਾਰਾਂ ਨੂੰ ਤਨਖਾਹੀਏ ਘੋਸ਼ਤ ਕਰਨ ਦਾ ਅਧਿਕਾਰ ਦੇਣ ਵਾਲੇ **ਮਤੇ ਤੇ ਹਸਤ ਅੱਖਰ ਕਰਨ** ਵਿਚ ਢਿੱਲ ਨਾ ਲਾਈ ? ਫਿਰ ਉਨ੍ਹਾਂ ਦਸਤਖ਼ਤਾਂ ਤੋਂ ਪਿੱਛੇ ਹੱਟ ਜਾਣ ਉਪ੍ਰੰਤ ਝੱਟ-ਪੱਟ ਤਿਆਗ ਪੱਤਰ ਦੇਣ ਦੀ ਬਜਾਏ ਇਉਂ ਵਿਹਾਰ ਕਰ ਰਹੇ ਹੋ ਜਿਵੇਂ ਬੇਪ੍ਰਤੀਤੇ ਸਮਝੇ ਜਾਣ ਦੀ ਸ਼ਰਮਿੰਦਗੀ ਨੂੰ ਤੁਸਾਂ ਦੋਹਾਂ ਸਿੰਘ ਸਾਹਿਬਾਨ ਨੇ, ਅੰਮ੍ਰਿਤ ਦਾ ਘੁੱਟ ਜਾਣ ਲਿਆ ਹੋਵੇ ਜੀ ?

**(9) ਸਤਿਕਾਰਤ ਸਿੰਘ ਸਾਹਿਬ ਕੇਵਲ ਸਿੰਘ ਜੀਓ** ! ਬੜਾ ਸੁਣਿਆਂ ਹੈ ਕਿ, ਤੁਸੀਂ ਅਜੇ ਉਸ ਸਿਖ਼ਰ ਤੇ ਨਹੀਂ ਪੁੱਜੇ ਜਿੱਥੇ ਸਿੰਘ ਸਾਹਿਬ ਪ੍ਰੋਫ਼ੈਸਰ ਮਨਜੀਤ ਸਿੰਘ ਜੀ ਪੁੱਜ ਚੁੱਕੇ ਹੋਏ ਹਨ। ਕਈ ਗੁਰਮੁਖਾਂ ਨੇ ਭਰੋਸਾ ਦਿਵਾਇਆ ਹੈ ਕਿ, ਤੁਹਾਡੇ ਮਹਲਾਂ ਤੱਕ ਕਿਸੇ ਪੰਥ ਦਰਦੀ ਸਿੱਖ ਦੀ ਕੂਕ ਪੁਕਾਰ ਪਹੁੰਚ ਸਕਦੀ ਹੈ ਅਤੇ ਤੁਸੀਂ ਉੱਤਰ ਦੇਣ ਦੀ ਸਮਰਥਾ ਅਜੇ ਨਹੀਂ ਗਵਾਈ ? ਯਕੀਨ ਬਣਿਆਂ ਹੈ ਕਿ, ਦਾਸ ਜਿਹੇ ਮੂੜ੍ਹ ਅਗਿਆਨੀ ਦੇ ਮਨ ਵਿਚੋਂ ਭਰਮ ਭੁਲੇਖੇ ਦੂਰ ਕਰਨ ਲਈ ਤੁਸੀਂ ਸਮਾ ਕੱਢਣ ਵਿਚ ਹੇਠੀ ਨਹੀਂ ਮਨੋਗੇ ? ਪੱਕੀ ਆਸ ਹੈ ਕਿ, ਫ਼ਰਿਆਦ ਦੀ ਅਸਲੀਅਤ ਸਮਝਣ ਲਈ ਇਕਾਗਰਤਾ ਦੀ ਬਖ਼ਸ਼ਸ਼ ਵੀ ਨਿਰਸੰਦੇਹ ਕਰ ਸਕਦੇ ਹੋ।

**ਉਚੇਚੀ ਇਕਾਗਰਤਾ ਮੰਗਦੀ ਬੇਨਤੀ--**

ਮਨੁੱਖ ਨੂੰ ਅਨੇਕਤਾ ਦਾ ਪੁਜਾਰੀ ਬਾਣਾ ਕੇ ਬ੍ਰਾਹਮਣੀ ਮਾਇਆ ਜਾਲ ਨੇ ਜਿਵੇਂ ਇਨਸਾਨੀਅਤ ਦੇ ਸ਼ੁੱਭ ਗੁਣਾ ਦਾ ਘਾਤ ਕਰ ਰਖਿਆ ਹੈ, ਉਸ ਤੋਂ ਤੁਸੀਂ ਭਲੀ ਭਾਂਤ ਜਾਣੂ ਹੋ ? ਸੁਣਿਆਂ ਹੈ ਕਿ, ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਸਦੀਵੀ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਵੀ ਤੁਸੀਂ ਬੜੀ ਚੰਗੀ ਤਰ੍ਹਾਂ ਸੁਚੇਤ ਹੋ। ਯਕੀਨ ਬੱਝਦਾ ਹੈ ਕਿ, ਅਨੇਕਤਾ ਦੀ ਪੂਜਾ ਤੋਂ ਫੁੱਟ ਤੁਰੇ, (ਸਦਾ ਰਿੱਸਦੇ ਰਹਿਣ ਵਾਲੇ) **ਗੰਭੀਰ ਨਾਸੂਰ** ਤੋਂ ਵੀ ਤੁਸੀਂ ਭਲੀਭਾਂਤ ਜਾਣੂੰ ਹੋ ? ਇਸ ਨਾਸੂਰ ਦੇ ਉਸ ਅਮੋਘ ਦਾਰੂ ਤੋਂ ਵੀ ਤੁਸੀ ਅਚੇਤ ਨਹੀਂ ਹੋ ਜਿਹੜਾ, ਪਰਮ ਸੂਰਮੇ, ਪਰਮ ਗਿਆਨੀ, ਪਰਮ ਮਨੁੱਖ, ਨਿਆਰੇ ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਖ਼ਸ਼ਸ਼ ਕੀਤਾ ਸੀ? ਭਾਵ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਅੰਤਮ ਅਤੇ ਸਦੀਵੀ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਪ੍ਰਥਮ ਅਤੇ ਸਰਬ ਸ੍ਰੇਸ਼ਟ ਨਿਆਰੇ ਅੱਖਰ **" ੧ "** ਦੀ ਮਹਿਮਾਂ ਤੋਂ ਤੁਸੀ ਭੁੱਲੇ ਹੋਏ ਨਹੀਂ ਹੋ। ਕੇਵਲ **ਏਕੇ** ਨਾਲ ਜੁੜਿਆਂ ਹੀ ਅਨੇਕਤਾ ਦੀ ਪੂਜਾ ਤੋਂ ਪੈਦਾ ਹੋਏ ਫੁੱਟ-ਨਾਇਤਫ਼ਾਕੀ-ਰੂਪ ਕੈਂਨਸਰ **(Cancer)** ਰੋਗ ਤੋਂ ਸਾਨੂੰ ਛੁਟਕਾਰਾ ਮਿਲਿਆ ਸੀ। **੧** ਅਕਾਲ-- **੧** ਸਤਿਗੁਰ-- **੧** ਪੰਥਕ ਮਰਿਯਾਦਾ, **੧** ਨਿਸ਼ਾਨ ਸਾਹਿਬ-- ਅਤੇ ਫਿਰ ਪੰਜਵਾਂ ਅਤੇ ਬੇਅੰਤ ਬਰਤਕਾਂ ਵਾਲਾ **੧** ਕੌਮੀ ਕੇਂਦਰ ? = **ਸ੍ਰੀ ਹਰਿਮੰਦਰ ਸਾਹਿਬ ਜੀ** ਅਤੇ ਉਸ ਦੀ ਮਰਯਾਦਾ ਦੀ ਸ਼ੁੱਧਤਾ ਅਤੇ ਪਾਵਨਤਾ ਕਾਇਮ ਰੱਖ ਕੇ ਇੱਕ ਸਾਰ ਲਾਗੂ ਕਰੀ ਰੱਖਣ ਦੀ ਜ਼ਿੰਮੇਵਾਰੀ ਵਾਲਾ ਬਲਵਾਨ ਪਹਿਰੇਦਾਰ **ਸ੍ਰੀ ਅਕਾਲ ਤਖ਼ਤ ਸਾਹਿਬ ਜੀ,** ਦਾ **ਪਾਵਨ ਪਵਿੱਤਰ ਸੁਮੇਲ ?** ਲੋਭ-ਲਾਲਸਾ-ਤ੍ਰਿਸ਼ਨਾ ਦੇ ਮਾਰੇ ਗੁਰੂ ਘਰ ਤੋਂ ਅੱਡਰੇ ਡੇਰੇ ਸਾਜ ਕੇ ਵੱਖ ਹੋ ਜਾਣ ਵਾਲੇ ਮਨਮੁਖਾਂ ਦੀ ਗੱਲ ਨਹੀਂ ਹੈ, ਪਰ ਸਤਿਗੁਰਾਂ ਦੇ **੧** ਆਦਿ ਸਚੁ ਦੇ ਪੁਜਾਰੀ, ਨਿਰਮਲ ਪੰਥ ਵਿਚ ੧੬੦੮ ਤੱਕ ਫੁੱਟ ਰੂਪ ਦੈਂਤ ਦੇ ਕਦੇ ਦਰਸ਼ਨ ਨਹੀਂ ਸਨ ਹੋਏ ? ਜਿਨ੍ਹਾਂ ਮਰਜੀਵੜਿਆਂ ਨੂੰ ਸੰਬੋਧਨ ਕਰਕੇ ਦਸਮ ਸਤਿਗੁਰੂ ਨਾਨਕ ਸਾਹਿਬ ਜੀ ਨੇ ਖ਼ਾਲਸਾ ਪੰਥ ਨੂੰ ਸੱਜਣ ਸੂਰਾ ਅਤੇ ਸਤਿਗੁਰ ਪੂਰਾ ਕਿਹਾ ਸੀ, ਇਸ ਦੂਲੇ ਪੰਥ ਦੀ ਨਿਆਰੀ ਮਰਯਾਦਾ ਨੂੰ ਸਦਾ ਨਿਆਰੀ ਬਣਾਈ ਰੱਖਣ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਤਯਾਗ-ਮੂਰਤੀ ਸੰਤ ਸੂਰਮਿਆਂ ਨੂੰ ਹੀ ਸੌਂਪੀ ਸੀ। ਸਾਡੀ ਬਦਕਿਸਮਤੀ-- ਜੋ ਉਨ੍ਹਾਂ ਸੂਰਮਿਆਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿਚ ਸਿਰਲੁਕਾਈ ਕਰਨੀ ਪੈ ਗਈ। ਉਦਾਸੀਆਂ, ਨਿਰਮਲਿਆਂ ਅਥਵਾ ਮਹੰਤਾਂ ਦੇ ਰੂਪ ਵਿਚ, ਸਾਡਾ ਧਰਮ ਆਗੂ ਉਹੀ ਆ ਬਣਿਆਂ ਜਿਹੜਾ" **ਪਾੜੋ ਅਤੇ ਲੁੱਟ ਮਚਾਈ ਰੱਖੋ** ", ਸਿਧਾਂਤ ਦਾ ਜਨਮ ਦਾਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦੇ ਹੁੰਦਿਆਂ, ਪੰਥ ਨੂੰ ਦੇਵੀ ਦੇਵਤਿਆਂ ਵਾਲੀ ਭੂਲਭਲੱਈਆਂ ਵਿਚ ਤਾਂ ਨਾ ਫਸਾ ਸਕਿਆਂ ਪਰ ਉਸ ਨੇ ਸਾਧ ਸੰਤ ਡੇਰੇ ਦਾਰਾਂ-ਰੂਪ ਪ੍ਰਤੱਖ ਦੇਵਤਿਆਂ ਦੀ ਭਮਾਰ ਅਰੰਭ ਕਰ ਦਿੱਤੀ। ਲੋਕ, ਸਾਧਾਂ ਦੇ ਡੇਰਿਆਂ ਨਾਲ ਜੁੜਦੇ ਗਏ। ਉਸ ਇੱਕ **੧** ਪ੍ਰਤੀ ਵਿਸ਼ਵਾਸ਼ ਢਿੱਲਾ ਪੈਣ ਲੱਗ ਪਿਆ ।

ਪਰ, ਗੋਰੀ ਸਰਕਾਰ (ਅੰਗ੍ਰੇਜ਼--੧੮੪੯--੧੯੪੭) ਦੇ ਝੋਲੀ-ਚੁੱਕ, ਅਤੇ ਪੱਕੇ ਮੁਖ਼ਬਰ, ਸਿੱਖੀ ਦੇ ਧਰਮ-ਅਸਥਾਨਾ ਦਾ ਸੰਚਾਲਕ **ਮਹੰਤੀ-ਟੋਲਾ**, ਅਜੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ ਹੋਇਆ। ਪੰਥ ਵਿਚ ਪੱਕੀ ਅਤੇ ਖ਼ਤਰਨਾਕ ਫੁੱਟ ਪਾਈ ਰੱਖਣ ਵਾਲੇ ਕੀਤੇ ਜਾ ਰਹੇ ਪ੍ਰਬੰਧਾਂ ਵਿਚ ਅਜੇ

ਉਸ ਨੂੰ ਕਸਰ ਨਜ਼ਰ ਆ ਰਹੀ ਸੀ। ਇਸ ਪੱਖੋਂ ਵੀ ਸਤਿਗੁਰਾਂ ਦੇ ਪਾਵਨ ਏਕੇ **੧ੴ** ਦੀ ਖੰਡਨਾ ਕਰਨੀ ਜ਼ਰੂਰੀ ਜਾਤੀ। ਗੋਰੀ ਸਰਕਾਰ ਨਾਲ ਮਿਲਕੇ ਤਿੰਨ ਤਖ਼ਤ (ਕੇਸਗੜ੍ਹ ਸਾਹਿਬ, ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ) ਹੋਰ ਘੋਸ਼ਤ ਕਰ ਦਿੱਤੇ ? ਸਤਿਗੁਰਾਂ ਦੀ ਪਾਵਨ ਪਵਿੱਤਰ ਬਖ਼ਸ਼ਸ਼ ਸ੍ਰੀ ਅਕਾਲ ਤਖ਼ਤ ਦੇ ਤਿੰਨ ਸ਼੍ਰੀਕ ਪ੍ਰਦਾ ਹੋ ਗਏ ? ਇੱਕ ਥਾਂ ਤੇ ਕੇਂਦ੍ਰਤ ਪੰਥਕ-ਸ਼ਕਤੀ ਦੀਆਂ ਵੰਡੀਆਂ ਪੈ ਗਈਆਂ ? ਪੰਥ ਦੀ ਏਕਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਯਾਦਾ ਦੀ ਖੰਡਨਾ ਕਰੀ ਰੱਖਣ ਲਈ ਚਾਰ ਪ੍ਰਤਿਸ਼ਟਤ ਸਿੰਘ ਸਾਹਿਬਾਂ ਲਈ ਇੱਕ ਤੋਂ ਚਾਰ ਗੱਦੀਆਂ ਬਣ ਗਈਆਂ। (ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਕੀ ਗੁਰਮਤਿ ਮਰਿਯਾਦਾ ਸਿਖਾਈ ਜਾ ਰਹੀ ਹੈ ? **ਕੁਲਹਾਂ ਦੇਂਦੇ ਬਾਵਲੇ**- -ਗੱਦੀਆਂ ਚਲਾ ਰਹੇ ਡੇਰੇਦਾਰਾਂ ਨੂੰ ਅਥਵਾ ਅਗਿਆਨੀ ਅਤੇ ਗੁਰਮਤਿ ਵਿਰੋਧੀ ਪਰਚਾਰ ਕਰਨ ਵਾਲੇ ਸਾਧਾ-ਸੰਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿਰੋਪੇ ਦਿੱਤੇ ਜਾਣੇ, ਮੁਰਦਿਆਂ ਦੇ ਫੁੱਲ ਤਾਰਨ ਵਾਲੇ ਘਾਟ ਦਾ ਉਦਘਾਟਨ--ਦਸਤਖ਼ਤ ਕਰਕੇ ਮੁੱਕਰ ਜਾਣਾ--ਚੁੱਪ ਰਹਿ ਕੇ ਝੂਠ-ਕਰਮ ਦੇ ਸਹਾਈ ਬਣਨਾ ਆਦਿ ਅਜੇਹਾ ਸੱਭ ਕੁਝ, ਕੀ ਗੁਰਮਤਿ ਮਰਿਯਾਦਾ ਹੀ ਹੈ ਜੀ ?) ਹੌਲੀ ਹੌਲੀ ਜਦ ਪੰਥਕ-ਜਥੇਦਾਰੀ ਨੂੰ ਵੀ ਬ੍ਰਾਹਮਣੀ ਲੁੱਟ ਦਾ ਭੁੱਸ ਪੈ ਗਿਆ, ਤਾਂ ਡੇਰੇ ਦਾਰ ਸਾਧਾਂ ਨੂੰ ਮਾਨਤਾ ਦੇਈ ਰੱਖਣ ਦੇ ਨਾਲ ਹੀ, ਪੰਜ ਪਿਆਰਿਆਂ ਦੇ ਬਹਾਨੇ ਤੱਖਤਾਂ ਦੀ ਗਿਣਤੀ ਵੀ ਪੰਜ ਕਰ ਲਈ।

ਲੋਕਾਂ ਨੇ ਇਹ ਮੰਨ ਲਿਆ ਕਿ ਸ਼ਾਇਦ ੧੬੯੯ ਦੀ ਵਿਸਾਖੀ ਨੂੰ ਪ੍ਰਗਟ ਹੋਣ ਵਾਲੇ ਪੰਜ ਪਿਆਰੇ ਪੰਜਾਂ ਤਖ਼ਤਾਂ ਦੇ ਰੂਪ ਵਿਚ ਪ੍ਰਗਟ ਹੋ ਗਏ ਹਨ ? ਪੰਜਾ ਪਿਆਰਿਆਂ ਦਾ ਰੂਪ, ਬੜੇ ਸਤਿਕਾਰ ਜੋਗ ਮੰਨੇ ਜਾਣ ਵਾਲੇ ਇਨ੍ਹਾਂ ਤਖ਼ਤਾਂ ਤੇ ਬਿਰਾਜਮਾਨ, ਪੰਜ ਸਿੰਘ ਸਾਹਿਬਾਨ ਹੁਣ ਜ਼ਰੂਰ ਹੀ ਪੰਥ ਨੂੰ ਚੜ੍ਹਦੀ ਕਲਾ ਵੱਲ ਨੂੰ ਮੋੜ ਖੜਨਗੇ। ਆਉ ਆਸ ਬਣਾ ਲਈਏ ਕਿ, ਇਨ੍ਹਾਂ ਪੰਜਾਂ ਸਿੰਘ ਸਾਹਿਬਾਨ ਵਲੋਂ ਕੀਤੇ ਗੁਰਮਤੇ ਨੂੰ ਮੰਨ ਕੇ SGPC ਦੇ ਪ੍ਰਧਾਨ ਜੀ ਗੁਰੂ-ਸ਼ਬਦ ਗਿਆਨ ਤੋਂ ਜਾਣੂੰ ਕਵਾਉਣ ਲਈ ਬੜੇ ਵਿਸ਼ਾਲ ਪ੍ਰਬੰਧ ਕਰਵਾਉਣ ਵਿਚ ਜ਼ਰਾ ਢਿੱਲ ਨਹੀਂ ਕਰਨ ਲੱਗੇ । ਗੁਰੂ ਬਾਣੀ ਗਿਆਨ ਦੀ PHD ਤੱਕ ਦੀ ਡਿਗਰੀ ਵਾਲੇ ਵਿਦਵਾਨ ਪੈਦਾ ਕਰੀ ਰੱਖਣ ਲਈ, ਵਿਸ਼ਾਲ ਵਿਦਿਆਲੇ ਦਾ ਅਥਵਾ ਹਰ ਪੱਖੋਂ ਨਿਪੁੰਨ ਵਿਦਿਆ ਦਾ ਕੇਂਦਰ ਬੜੀ ਪ੍ਰਭਾਵਸ਼ਾਲੀ ਖ਼ਾਲਸਾ ਯੂਨੀਵਰਸਿਟੀ ਬਣਨ ਵਿਚ ਕੋਈ ਕਸਰ ਨਹੀਂ ਰਹਿਣੀ। ਗੁਰਮਤਿ ਦੇ ਬਹੁਪੱਖੀ ਗਿਆਨ ਦੇ ਗਿਆਤਾ ਪੰਥ ਦੀਆਂ ਵਡੀਆਂ ਪਦਵੀਆਂ ਦਾ ਸ਼ਿੰਗਾਰ ਹੋਇਆ ਕਰਨਗੇ। ਇਹ ਵਿਦਵਾਨ ਗੁਰਸਿੱਖ, ਗੁਰੂ-ਸ਼ਬਦ-ਵਿਚਾਰ ਨਾਲ ਸੰਸਾਰ ਨੂੰ ਜੋੜ ਦੇਣ ਦੀਆਂ ਨਿਤ ਨਵੀਆਂ ਯੋਜਨਾਵਾਂ ਬਣਾਈ ਰਖਿਆ ਕਰਨਗੇ। ਇਨ੍ਹਾਂ ਦੀ ਦੇਖ ਰੇਖ ਹੇਠ, ਗੁਰੂਦੁਆਰਿਆਂ ਅਥਵਾ ਧਰਮ-ਸ਼ਾਲਵਾਂ ਵਿਚ ਗ੍ਰੰਥੀਆਂ ਦੀ, ਕਥਾਕਾਰਾਂ, ਰਾਗੀਆਂ ਢਾਡੀਆਂ ਆਦਿ ਦੀ ਸੇਵਾ ਨਿਭਾਉਣ ਵਾਲੇ ਸਾਰੇ ਦੇ ਸਾਰੇ ਉਸੇ ਇੱਕ ਖ਼ਾਲਸਾ ਯੂਨੀਵਰਿਟੀ ਵਿਚੋਂ ਡਿਗਰੀਆਂ ਲੈ ਕੇ ਸੰਸਾਰ ਦੇ ਕੋਨੇ ਕੋਨੇ ਵਿਚ ਫੈਲ ਜਾਣਗੇ। ਸਤਿਕਾਰ-ਯੋਗ ਪੰਜ ਸਿੰਘ ਸਾਹਿਬਾਨ ਬੜੀ ਉੱਤਮ ਯੋਗਤਾ ਦੁਆਰਾ, ਨਿਆਰੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਨਿਆਰੇ ਗਿਆਨ ਤੋਂ ਮਨੁੱਖਮਾਤ੍ਰ ਦੇ ਮਨਾਂ ਦਾ ਹਨੇਰਾ ਦੂਰ ਕਰ ਦੇਣਗੇ । ਸੰਸਾਰ ਦੇ ਹਰ ਘਰ ਵਿਚ ਸਤਿਗੁਰੂ ਨਾਨਕ ਸਾਹਿਬ ਜੀ ਦੇ **੧** ਦੀ ਮਹਿਮਾਂ ਪੱਸਰ ਜਾਵੇਗੀ । ਇਸ ਤਰ੍ਹਾਂ ਤਾਂ ਸਾਰਾ ਸੰਸਾਰ ਹੀ ਖ਼ਾਲਿਸਤਾਨ ਬਣ ਜਾਣਾ ਹੈ ? ਧੰਨ ਧੰਨ ਹਨ ਇਹ ਪੰਜ ਪਿਆਰੇ ਜੋ ਪੰਜਾਂ ਪਾਵਨ ਤਖ਼ਤਾਂ ਦੇ ਰੂਪ ਵਿਚ ਪ੍ਰਗਟ ਹੋਏ ਹਨ।

ਪਰ ਸਾਡੇ ਮਨਾਂ ਦੀ ਇਹ ਸੱਧਰ ਹਰਿਚੰਦੌਰੀ ਹੀ ਸਿੱਧ ਹੋਈ। ਵਰਤਿਆ ਉਹੀ ਭਾਣਾ ਜਿਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਕਰਾਮਾਤੀ ਗੁਰਮਤਿ-ਮੁਹੱਤਤਾ ਦੀਆਂ ਵੰਡੀਆਂ ਪਾ ਦਿੱਤੀਆਂ ਗਈਆਂ ਸਨ। ਇੱਕ ਦੀ ਥਾਂ ਪੰਥ ਦੀ ਸ਼ਰਧਾ ਪੰਜੀਂ ਥਾਈਂ ਵੰਡੀ ਗਈ। ਸਤਿਗੁਰਾਂ ਦੇ **੧** ਏਕੇ ਦਾ ਮੌਜੂ ਉਡਾਇਆ ਜਾਣਾ ਅਰੰਭ ਹੋ ਗਿਆ। ਗੁਰੂ ਦਾ ਸਿੱਖ ਸ਼ਹੀਦਾ ਦੇ ਕਥਿਤ ਅਸਥਾਨਾਂ ਦਾ, ਪੀਰਾਂ ਫ਼ਕੀਰਾਂ ਦੀਆਂ ਕਬਰਾਂ ਦਾ, ਗੁੱਗੇ ਪੀਰ ਦਾ, ਸਾਧ-ਡੇਰਿਆਂ ਤੇ ਬੈਠੇ ਕਥਿਤ ਮਹਾਂਪੁਰਖਾਂ ਦਾ, ਰੁਖਾਂ ਦਾ, ਜਲ ਦਾ, ਵੈਸ਼ਨੋ ਦੇਵੀ ਦਾ ਅਥਵਾ ਕਈ ਤਰ੍ਹਾਂ ਦੇ ਭਰਮ-ਗੜ੍ਹਾਂ ਦਾ ਪੁਜਾਰੀ ਬਣਦਾ ਹੀ ਤੁਰਿਆ ਜਾ ਰਿਹਾ ਹੈ। **ਜਦ ਏਕੇ ਵਾਲੀ ਸਤਿਗੁਰੂ-ਰੇਖਾ ਅਸਾਂ ਆਪ ਹੀ ਪਾਰ ਕਰ ਲਈ** ਫਿਰ ਭਾਵੇਂ ਸਿੱਖ ੩੩ ਕ੍ਰੋੜ ਦੇਵੀ ਦੇਵਤਾ ਦਾ ਪੁਜਾਰੀ ਬਣ ਜਾਵੇ ?

(10) ਸਿੰਘ ਸਾਹਿਬ ਜੀਓ ! ਤੁਹਾਡੇ ਬਚਨ ਹਨ--- " **ਤਖ਼ਤਾਂ ਰਾਹੀਂ ਗੁਰੂ ਖ਼ਾਲਸਾ** ਪੰਥ ਆਪਣੀ ਕੌਮੀ ਏਕਤਾ, ਗੁਰੂ ਸਿਧਾਂਤ ਅਤੇ ਮਰਿਯਾਦਾ ਦੀ ਪਹਿਰੇਦਾਰੀ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ " ਜਿਸ ਪ੍ਰਕਾਰ ਦੀ ਪਹਿਰੇਦਾਰੀ ਤੁਸੀਂ ਕਰਦੇ ਆ ਰਹੇ ਹੋ ਅਤੇ ਜੋ ਤੁਸੀਂ ਅੱਜ ਕਰ ਰਹੇ ਹੋ ਉਸ ਅਲੋਕਾਰ ਉੱਦਮ ਦੇ ਵੇਰਵੇ ਦਾ ਪਤਾ ਕਿਥੋਂ ਲੱਗੇ ? ਸਿੰਘ ਸਾਹਿਬ ਰਣਜੀਤ ਸਿੰਘ ਜੀ ਵਲੋਂ ਕਈ ਤਰ੍ਹਾਂ ਨਾਲ ਕੀਤੀ ਗਈ ਗੁਰਮਤਿ ਮਰਿਯਾਦਾ ਦੀ ਖੰਡਨਾਂ ਦੇ ਸੰਬੰਧ ਵਿਚ, ਤੁਸਾਂ ਆਪਣੇ ਦੋਹਾਂ ਬਿਆਨਾਂ ਵਿਚ ਉਨ੍ਹਾਂ ਕੋਲੋਂ ਇੱਕ ਵੀ ਪ੍ਰਸ਼ਨ ਕਿਸ ਕਾਰਨ ਨਹੀਂ ਪੁਛਿਆ ? ਕਿਨ੍ਹਾਂ ਤੱਥਾਂ ਤੋਂ ਪਤਾ ਲੱਗੇ ਕਿ, ਤੁਸੀਂ (ਭਾਵ, ਬਾਕੀ ਚੌਹਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਜੀ) ਵਾਕਿਆ ਹੀ ਗੁਰੂ ਸਿਧਾਂਤ ਦੀ ਅਤੇ ਪੰਥਕ ਮਰਿਯਾਦਾ ਦੀ ਪਹਿਰੇਦਾਰੀ ਕਰਦੇ ਆ ਰਹੇ ਹਨ ?

ਪੰਥ ਦਰਦੀ ਗੁਰਮੁਖਾਂ ਵਲੋਂ ਬੜੀਆਂ ਠੋਸ ਦਲੀਲਾਂ ਦੇ ਅਧਾਰ ਤੇ ਪ੍ਰਗਟ ਕੀਤੇ ਜਾ ਰਹੇ ਇਨ੍ਹਾਂ ਵਿਚਰਾਂ ਨੂੰ ਕਿਵੇ ਰੱਦ ਕੀਤਾ ਜਾਵੇ ਕਿ, ਸਿੰਘ ਸਾਹਿਬਾਨ, ਕਿਰਤੀ ਸਿੱਖਾਂ ਦੀ ਕਮਾਈ ਤੇ ਮੌਜਾਂ ਮਾਣਦੇ ਰਹਿਣ ਦੀ ਲਾਲਸਾ ਦੇ ਮਾਰੇ, ਪ੍ਰਧਾਨ ਸਾਹਿਬ ਦੀ ਝੋਲੀ ਚੁੱਕਦੇ ਰਹਿਣ ਦੀ ਘਾਲਣਾ ਘਾਲਦੇ ਰਹਿਣ ਤੋਂ ਅਤੇ ਕੈਂਦ੍ਰੀ ਸ਼ਕਤੀ ਨੂੰ ਹਰ ਪੱਖੋਂ ਕਮਜ਼ੋਰ ਕਰੀ ਰੱਖਣ ਦੀ ਸੇਵਾ ਨਿਭਾਉਂਣ ਤੋਂ ਛੁੱਟ, ਸਿੱਖ ਪੰਥ ਦਾ ਕੁਝ ਵੀ ਨਹੀਂ ਸੁਆਰ ਰਹੇ। ਤੁਸਾਂ ਆਪਣੇ ਸਾਰੇ ਬਿਆਨ ਵਿਚ, ਪ੍ਰਭੂ-ਨਾਮ ਦੀ ਓਟ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਰੂਪ ਬਖ਼ਸ਼ਸ਼ ਨੂੰ ਪੰਥ ਦੀ ਗੌਰਵਤਾ ਦੇ ਰਾਖੇ ਕਿਸ, ਦਲੀਲ ਨਾਲ ਨਹੀਂ ਮੰਨਿਆਂ ? ਲਗ-ਪਗ ੮੦ ਸਾਲੇ ਸਹਿਜ ਆਸਣੀਏ ਅਤੇ ਮਤਿ-ਹੀਣ ਜਰਜਰੇ ਸਰੀਰ ਵਾਲੇ ਇਸ ਪੰਥ-ਦਰਦੀ ਦੀ ਪੁਕਾਰ ਪੜ੍ਹ ਕੇ ਕਿਤੇ ਜਲਾਲ ਵਿਚ ਨਾ ਆ ਜਾਣਾ। ਕ੍ਰੋਧ ਤਾਂ ਮਨੁੱਖ ਦੀ ਰਹਿੰਦੀ ਮਤਿ ਵੀ ਮਾਰ ਲੈਂਦਾ ਹੈ----

**ਕਠਨ ਕਰੋਧ ਘਟ ਹੀ ਕੇ ਭੀਤਰਿ, ਜਿਹ ਸੁਧਿ ਸਭ ਬਿਸਰਾਈ ॥**

**ਰਤਨੁ ਗਿਆਨੁ ਸਭੁ ਕੋ ਹਿਰ ਲੀਨਾ ਤਾ ਸਿਉ ਕਛੁ ਨ ਬਸਾਈ ॥ ੧ ॥**

ਤੁਹਾਡੇ ਵਲੋਂ ਜਾਂ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਵਲੋਂ ਕੋਈ ਵੀ ਉਤਰ ਨਾ ਆਉਣ ਦਾ ਅਰਥ ਏਹੀ ਹੋਵੇਗਾ ਕਿ ਤੁਸੀਂ ਦਾਸ ਦੇ ਲਿਖੇ ਨਾਲ ਪੂਰੀ ਤਰ੍ਹਾਂ ਸਹਿਮਤ ਹੋ, ਕਿ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਕੇਵਲ ਮਾਤ੍ਰ ਸੱਚਾ ਤਖ਼ਤ ਹੈ, ਬਾਕੀ ਚਾਰੇ ਤਖ਼ਤ ਏਕਤਾ ਦਾ ਘਾਤ ਕਰਨ

ਲਈ ਪੰਥ ਦੇ ਵੈਰੀਆਂ ਦੀ ਦੇਣ ਹਨ। ਬੇਨਤੀ ਹੈ ਕਿ ਭੁੱਲਾਂ ਦੀ ਖਿਮਾ ਬਖ਼ਸ਼ਸ਼ ਕਰਦਿਆਂ ਸ਼ੁੱਧ ਗੁਰਮਤਿ ਗਿਆਨ ਭਰਪੂਰ ਸੇਧ ਪੱਤਰ ਲਿਖ ਕੇ, ਪ੍ਰਗਟ ਹੋ ਰਹੇ ਸ਼ੰਕੇ ਨਿਵਿਰਤ ਕਰਨ ਵਾਲਾ ਸੱਚ-ਗਿਆਨ ਦਾ ਅਮੋਘ ਬਾਣ ਭੇਜਣ ਦੀ ਮਿਹਰ ਕਰਨੀ ਜੀ । ਗੁਰਮਤਿ ਅਨੁਸਾਰ ਜੀਵਨ ਗੁਜ਼ਾਰ ਰਹੇ ਅਥਵਾ ਗੁਰੂ ਬਾਣੀ ਤੋਂ ਮਿਲਦੀ ਸੇਧ ਅਨੁਸਾਰ ਆਪਣਾ ਜੀਵਨ ਢਾਲ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--ਗੁਰਬਖ਼ਸ਼ ਸਿੰਘ

**ਸ਼ੰਕਾ**--ਜੇ ਤੁਸਾਂ ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਜੀ ਦੀ ਸਲਾਹ ਪੁੱਛ ਲਈ ਤਾਂ ਉਨ੍ਹਾਂ ਦਾ ਮਸ਼ਵਰਾ ਏਹੀ ਹੋਣਾ ਹੈ ਕਿ, ਛਡੋ ਪਰ੍ਹਾਂ ਅਜੇਹੇ ਸਿਰ ਫਿਰਿਆਂ ਦੀਆਂ ਚਿੱਠੀਆਂ ਪੜ੍ਹਨ ਨਾਲੋਂ ਆਪਣੇ ਹਲਵੇ-ਮੰਡੇ ਵੱਲ ਧਿਆਨ ਦੇਈ ਰੱਖਣਾ ਹੀ ਠੀਕ ਹੈ, ਕਿਉਂਕਿ-- " **ਬਾਬਰ, ਬ ਐਸ਼ ਕੋਸ਼, ਕਿ ਆਲਮ ਦੁਬਾਰ ਨੇਸਤ** । ਅਥਵਾ--**ਇਹ ਜੱਗ ਮਿੱਠਾ--ਅਗਲਾ ਕਿੰਨ੍ਹ ਡਿੱਠਾ ?**

**ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥**
**ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟ ਹੋਇ ॥ ੧੯ ॥**

**ਨੋਟ**:--ਇਸ ਪੱਤਰ ਦਾ ਉਤਾਰਾ ਸਿੰਘ ਸਾਹਿਬ ਮਨਜੀਤ ਸਿੰਘ ਜੀ ਦੀ ਸੇਵਾ ਵਿਚ ਉਚੇਚੇ ਤੌਰ ਤੇ ਇਸ ਕਾਰਨ ਭੇਜਿਆ ਜਾ ਰਿਹਾ ਹੈ ਕਿਉਂਕਿ ਉਹ ਆਪ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਮਾਣਦੇ ਰਹੇ ਹਨ ਅਤੇ ਸੁਣਿਆਂ ਹੈ ਕਿ, ਉਹ ਅਜੋਕੇ ਫੁੱਟ-ਪਾਊ ਸੰਘਰਸ਼ ਵਿਚ ਵਿਸੇਸ਼ ਭੂਮਕਾ ਨਿਭਾਉਂਦਿਆਂ ਤੁਹਾਡਾ ਮਾਰਗ ਦਰਸ਼ਨ ਕਰਦੇ ਰਹੇ ਹਨ ।